੧ ਓ ਸਤਿਗੁਰਪ੍ਰਸਾਦਿ ॥

# ਸੈਲਾਨੀ ਸਿੰਘ

ਦਾ ਦੂਸਰਾ ਭਾਗ, ਅਥਵਾ

# ਮੀਰਾਂ ਮਨੌਤ

ਕ੍ਰਿਤ


ਸ਼੍ਰੀ ਮਾਨ ਗੁਰਪੁਰ ਨਿਵਾਸੀ
ਭਾਈ ਦਿਤਸਿੰਘ ਜੀ ਗਜਾਨੀ ਐਡੀਟਰ
ਖ਼ਾਲਸਾ ਅਖ਼ਬਾਰ ਲਾਹੌਰ


ਜਿਸਨੂੰ
ਓਹਨਾਂ ਦੇ ਸਪੁਤ੍ਰ ਭਾਈ ਬਲਦੇਵ ਸਿੰਘ
ਮੈਡੀਕਲ ਸਟੂਡੈਂਟ ਨੇ ਛਪਵਾਯਾ ॥


ਸ੍ਰੀ ਗੁਰਮਤ ਪ੍ਰੇਸ ਲਾਹੌਰ ਵਿਖੇ ਛਪਾ

ਪਹਿਲੀ ਵਾਰ ੧੦੦੦ ਮੌਲ -)


Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

# ਭੂਮਕਾ

"ਮੀਰਾਂ ਮਨੌਤ" ਅਸਲ ਵਿਚ "ਸੈਲਾਨੀ ਸਿੰਘ" ਦੀ ਲੜੀ ਵਿਚੋਂ ਦੂਸਰਾ ਮੋਤੀ ਹੈ ਜੋ ਪ੍ਰੇਮ ਪਜਾਰੇ ਪਿਤਾ ਜੀ ਖਾਲਸਾ ਪੰਥ ਦੇ ਅਦੁਤੀਯ ਰਤਨ ਸ੍ਰੀ ਮਾਨ ਭਾਈ ਦਿਤ ਸਿੰਘ ਜੀ ਗਜਾਨੀ ਗੁਰ ਪੁਰ ਨਿਵਾਸੀ ਐਡੀਟਰ ਖਾਲਸਾ ਅਖਬਾਰ ਅਪਨੀ ਕਵਿਤਾ ਵਿਚੋਂ ਛਡਗਏ ਹਨ ਇਸ ਲੜੀ ਦਾ ਪਹਿਲਾ ਮੋਤੀ "ਗੁੱਗਾ ਗਪੌੜਾ" ਛਪਕੇ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਹੋ ਚੁਕਾ ਹੈ ਸੈਲਾਨੀ ਸਿੰਘ ਅਤੇ ਗੁਰਬੱਲਭ ਸਿੰਘ ਜੀ ਦੀ ਧਰਮ ਚਰਚਾ ਦਾ ਪੂਰਨ ਲਾਭ ਉਠਾਨ ਲਈ ਪਾਠਕ ਜਨ "ਗੁਗਾ ਗਪੌੜਾ" ਦੇ ਮਗਰੋਂ "ਮੀਰਾਂ ਮਨੌਤ" ਪੜਨ.

ਦਾਸ
ਬਲਦੇਵ ਸਿੰਘ

ਲਾਹੌਰ
ਮਾਰਚ ੧੯੦੨

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ॥

# ਮੀਰਾਂ ਮੁਨੌਤ ਤੇ ਸੈਲਾਨੀ ਸਿੰਘ

## ਦੋਹਰਾ

ਰਨ ਬਿਦਾਰ ਦਿਆ ਮਾਲਕਾ ਚਿੱਟਾ ਤੇਰਾ ਬਾਜ।
ਤਿਤੂ ਮੀਰਾਂ ਨੂੰ ਫੜੇ ਜਾਣ ਆਪਣਾਂ ਖਾਜ ॥ ੧ ॥

## ਚੌਪਈ

ਧੰਨ ਧਨਖ ਤੇਰਾ ਦਸਮੇਸ਼। ਜਿਨ ਭਾਰਤ ਦੇ ਹਰੇ ਕਲੇਸ਼।
ਤੇਰੇ ਤੀਰ ਪੀਰ ਹਰ ਡਾਰੀ। ਇਸ ਭਾਰਤ ਭੂਮੀ ਦੁਖਜਾਰੀ।
ਦੂਸਰ ਕੌਨ ਤੁਲ ਹੈ ਤੇਰੇ। ਦ੍ਰਿਸ਼ਟੀ ਤਲੇ ਨ ਆਵਤ ਮੇਰੇ।
ਇਸ ਦੁਨੀਆਂ ਤੇ ਤੂੰ ਹੀ ਏਕਾ। ਜਿਨ ਰਾਖੀ ਭਾਰਤ ਕੀ ਟੇਕਾ।
ਅਹੋ ਗੁਰੂ ਬੱਲਭ ਸੁਨ ਭਾਈ। ਇਤ ਉਤ ਏਹੋ ਗੁਰੂ ਸਹਾਈ।
ਇਸ ਬਿਨ ਦੂਜਾ ਅਵਰ ਨ ਕੋਈ। ਸਭ ਬੰਧਨ ਕਾ ਹਰਤਾ ਜੋਈ।
ਜਿਸ ਤੇ ਮੈਂ ਸਭ ਥਾਂਇ ਨਿਹਾਰੇ। ਇਸ ਜੈਸਾ ਨਾ ਕੋਇ ਪਜਾਰੇ।
ਜੋ ਜੋ ਚਰਤ ਜਗਤ ਮੈਂ ਦੇਖੇ। ਜੇ ਕਰ ਕਹਾਂ ਨ ਆਵਨ ਲੇਖੇ॥ ੨॥

## ਗੁਰਬਲਭ ਸਿੰਘ

ਦੋਹਰਾ–ਭਾਈ ਤੇਰੇ ਗੁਣਾਂ ਦਾ ਅੰਤ ਨ ਆਵੇ ਕੁਝ।
ਪਰ ਹੁਣ ਅੱਗੇ ਹੋਰ ਭੀ ਦੱਸ ਕਹਾਣੀ ਮੁਝ॥ ੩॥

Digitized by Panjab Digital Library | www.panjabdigilib.org

### ਚੌਪਈ

ਜੋ ਤੈਂ ਗੁੱਗਾ ਚੁਕ ਉਡਾਇਆ । ਸੋ ਮੇਰੇ ਮਨ ਵਿਚ ਹੈ ਭਾਇਆ ।
ਹੁਣ ਕੁਛ ਹੋਰ ਸੁਨਾ ਦੇ ਗੱਲ । ਯਾਦ ਕਰਾਂਗੇ ਬਹਿਕੇ ਕੱਲ ।
ਤੈਂ ਜੋ ਕੀਤੇ ਮੈਲ ਵਧੇਰੇ । ਜਗਾ ਜਗਾ ਦੇ ਮਾਨਸ ਹੇਰੇ ।
ਜਿਸਤੇ ਨਿਸਚੇ ਉਨਾਂ ਨਿਹਾਰ । ਗੁਰ ਬਾਣੀ ਤੇ ਦਏ ਸੁਧਾਰ ।
ਜਿਸਤੇ ਹੋਰ ਸਿੰਘ ਹੈ ਕੋਈ । ਫਿਰੇ ਭਟਕਦਾ ਜਗ ਮੇ ਜੋਈ ।
ਮੈਂ ਤਾਂ ਇਹੋ ਵਿਚਾਰੀ ਚਿਤ । ਗੁਗਾ ਹੀ ਦੁਖ ਦੇਂਦਾ ਨਿਤ ।
ਹੋਰ ਨਮੰਨਨ ਸਿਖ ਵਿਚਾਰੇ । ਇਸ ਹੀ ਦੇ ਸਨ ਕਾਬੂ ਭਾਰੇ ॥੪॥

## ਸੈਲਾਨੀ ਸਿੰਘ

ਦੋਹਰਾ—ਇਕ ਗੁੱਗੇ ਦੇ ਨਾਲ ਦਾ ਹੈਸੀ ਮੀਰਾਂ ਪੀਰ ।
ਉਸਨੇ ਭੀ ਨਾ ਛੱਡਿਆ ਕੋਈ ਸਿੰਘ ਅਮੀਰ ॥ ੫॥

### ਚੌਪਈ

ਗੁਰਬਲਭ ਸਿੰਘ ਕਜਾ ਮੈਂ ਕਹਾਂ । ਜਿਸਤੇ ਚੁਪ ਭਲੀ ਕਰ ਰਹਾਂ ।
ਬੋਲਜਾਂ ਉਘੜ ਜਾਸੀ ਪਾਜ । ਛਪਿਆ ਹੋਇਆ ਸਾਰਾ ਰਾਜ ।
ਸਿਖ ਮਹਾ ਮੂਰਖ ਮੈਂ ਦੇਖੇ । ਤੱਤ ਖਾਲਸਾ ਵਿਰਲੇ ਪੇਖੇ ।
ਜਿਸ ਨੂੰ ਮੈਂ ਕਹਿੰਦਾ ਭੀ ਡਰਦਾ । ਦਸਾਂ ਭੇਤ ਖੋਲਕੇ ਘਰ ਦਾ ।
ਅਪਣਾਂ ਪੜਦਾ ਫੋਲਾਂ ਆਪ । ਇਹ ਭੀ ਦਿਸਦਾ ਡਾਢਾ ਪਾਪ ।
ਗੁਗਾ ਤਾਂ ਚੁੱਲ੍ਹੇ ਵਿਚ ਪਿਆ । ਇਕ ਪੀਰ ਸਿਖਾਂ ਦਾ ਨਿਆ ।
ਆਇ ਬਣਿਆ ਜਿਸਦਾ ਨਾ ਖੋਜ । ਲਭੇ ਕਦੇ ਭਾਲੀਏ ਰੋਜ ।
ਨਾਉਂ ਕਹਨ ਉਸਦਾ ਹਨ ਮੀਰਾਂ । ਮਾਰੇ ਕਰਾਮਾਤ ਦੀ ਤੀਰਾਂ ।
ਪਰ ਇਕ ਦੱਸਾਂ ਵਡਾ ਹਨੇਰ । ਜਿਕੁਰ ਗੁੱਗੇ ਲੀਤੇ ਘੇਰ ।

Digitized by Panjab Digital Library | www.panjabdigilib.org

ਤੀਕੂੰ ਸਿੰਘਨੀਆਂ ਨੂੰ ਮੀਏਂ। ਲੀਆਪ ਕੜ ਕਹਨਕਦ ਜੀਏਂ।
ਇਸ ਦਾ ਭੀਮੈਂ ਦਸਾਂ ਹਾਲ। ਸੁਣ ਲੈ ਪ੍ਰੇਮ ਪ੍ਰੀਤ ਦੇ ਨਾਲ।
ਪਰਅਗੇਨਾਂਕਿਸੇਸੁਨਾਈਂ॥ ਅਪਨਾਂਭੇਦਨਾਚਾਇਗੁਵਾਈਂ॥੬

## ਗੁਰਬਲਭ ਸਿੰਘ

ਦੋਹਰਾ—ਇਹ ਭਾਂ ਤੁਸੀਂ ਅਚੰਭ ਦੀ ਆਖੀ ਗੱਲ ਬਨਾਇ।
ਹੈ ਮੀਰਾਂ ਦੀ ਆ ਪਈ ਸਿਖਾਂ ਗਲੀਂ ਬਲਾਇ ॥੭॥

ਚੌਪਈ

ਸਾਰਾ ਜਗਤ ਖੁਸ਼ੀ ਹੈ ਵਸਦਾ। ਅਪਣੇ ਰੰਗਾਂ ਅੰਦਰ ਰਸਦਾ।
ਪਰ ਨਾਂ ਕਿਸੇ ਪਕੜਦਾ ਮੀਆਂ। ਸੁਖਤੇ ਵੱਸਨ ਮਾਵਾਂ ਧੀਆਂ।
ਪਰ ਇਹ ਸਿੱਖ ਨਮਾਣੇ ਚਾਇ। ਤੁਰਤ ਪੀਰ ਨੈ ਪਕੜੇ ਆਇ।
ਫਿਰਨਾਂ ਮਰਦਪਕੜੀਆਂਨਾਰਾਂ। ਕਰਦਾਮਨਭਾਂਵੇਂਦੀਮਾਰਾਂ।
ਨਹੀਂ ਇਨਾਂ ਨੂੰ ਛੱਡੇ ਓਹ। ਦੇਵਨ ਦੁੱਧ ਮੱਝ ਦਾ ਦੋਹ।
ਪਰਤੂੰਦੱਸਬਾਤਇਹਸਾਰੀ। ਤੈਂਦੇਖੀਹੈਜੋ ਇਹ ਖੁਆਰੀ ॥੮॥

## ਸੈਲਾਨੀ ਸਿੰਘ

ਦੋਹਰਾ—ਇਕ ਦਿਨ ਦੀ ਮੈਂ ਦੱਸਦਾ ਗੱਲ ਅਚੰਭੇਦਾਰ।
ਮੈਂ ਕਰਦਾਸੀ ਸੈਰ ਜਦ ਚੰਗੇ ਨਗਰ ਮਝਾਰ ॥ ੯ ॥

ਚੌਪਈ

ਤਦਇਕ ਸਿੱਖਨੱਸਿਆਆਵੇ। ਅਖਾਂ ਤੇ ਉਹ ਨੀਰ ਬਹਾਵੇ।
ਕਹੇ ਲੁਟਮੈ ਲਿਆ ਵਿਚਾਰਾ। ਵਸਦਾ ਝੁੱਗਾ ਅੱਜ ਉਜਾਰਾ।
ਕਰਾਂ ਕਹੋ ਹੁਣ ਕਿਆ ਮੈ ਭਾਈ। ਅੱਗੇ ਮੁਰਦੇ ਰਾਤ੍ਰ ਆਈ।
ਜੋ ਹੋਗਿਆ ਕੁਝ ਹੈ ਸਾਕਾ। ਤਾਂ ਮੇਰਾ ਖੁਸ ਜਾਇ ਇਲਾਕਾ

Digitized by Panjab Digital Library | www.panjabdigilib.org

ਜਦ ਉਸਨੂੰ ਮੈ ਵਡਾ ਬਿਹਾਲ। ਦੇਖਿਆ ਅਪਨੀ ਅਖਾਂ ਨਾਲ।
ਤਦ ਪੁਛੀ ਸਿਖਾ ਹੈ ਸੁਖ । ਡਾਡਾ ਕਿਸਦਾ ਤੈਨੂੰ ਦੁਖ ।
ਕਿਹੜੀ ਪੀੜਾ ਨੇ ਹੈ ਫੜਿਆ। ਕਜਾ ਕੋਈ ਤਾਪ ਕਹਰ ਦਾ ਚੜ੍ਹਿਆ
ਯਾ ਲੜ ਗਿਆ ਕਿਸੇ ਦੇ ਸੱਪ। ਕੈ ਕੁੱਤਾ ਕਰ ਗਿਆ ਹੜੱਪ ।
ਏਹ ਤਾਂ ਤੇਰੀ ਸੂਰਤ ਐਸੀ । ਡਾਢੇ ਦੁਖੀਏ ਦੀ ਹੋ ਜੈਸੀ ।
ਜੇ ਤੂੰ ਮੈਨੂੰ ਦੁਖ ਸੁਨਾਵੇਂ। ਤਾਂ ਸ਼ਾਇਦ ਕੁਛ ਲਾਭ ਉਠਾਵੇਂ॥੧੦॥
ਦੋਹਰਾ—ਸੁਖੀਏ ਨੂੰ ਜਦ ਦੁੱਖ ਵਿਚ ਮਿਲੇ ਸਹਾਰਾ ਆਇ ।
ਉਸਦੇ ਭਾਣੇ ਰਾਤਨੂੰ ਚਾਨਨ ਹੁੰਦਾ ਚਾਇ॥ ੧੧ ॥

ਚੌਪਈ

ਲੱਗਾ ਕਹਨ ਸਿੰਘ ਜੀ ਹਾਇ। ਕਿਆ ਮੈਂ ਆਖਾਂ ਦੁੱਖ ਸੁਨਾਇ।
ਮੇਰੀ ਘਰ ਵਾਲੀ ਦਾ ਅੱਜ । ਨਹੀਂ ਬਚਨ ਦਾ ਕੋਈ ਚੱਜ।
ਚੰਗੀ ਭਲੀ ਖੇਤ ਤੋਂ ਆਈ । ਬੈਠ ਗਈ ਖਾ ਰੋਟੀ ਢਾਈ।
ਦੁਧ ਵਾਧ ਜਦ ਲਿਆ ਵਧਾਇ। ਤਦ ਕੁਝ ਆਕੇ ਪਈ ਬਲਾਇ।
ਲੱਗੀ ਹਥ ਪੈਰ ਤਦ ਮਾਰਨ । ਹਾਇ ਮਰੀ ਹੈ ਮਰੀ ਉਚਾਰਨ।
ਸਿਰਨੂੰ ਪਈ ਹਲਾਵੇ ਐਂਜ। ਫਿਰੇ ਮਧਾਣੀ ਚਾਟੀ ਮੰਝ।
ਸਾਰਾ ਪਿੰਡਾ ਸਟਿਆ ਤੋੜ । ਡਾਢੇ ਖਾਂਦੀ ਪਈ ਮਰੋੜ।
ਜਦ ਮੈਂ ਉਸਦੇ ਬੈਠਾ ਪਾਸ। ਪੁਛਿਆ ਹੋਕੇ ਬਹੁਤ ਉਦਾਸ ।
ਕਿਆ ਤੈਨੂੰ ਹੋ ਗਿਆ ਬਤਾਉ । ਮੇਰਾ ਝੁੱਗਾ ਨਾਂਹਿ ਗੁਵਾਉ ।
ਤਦ ਲਗੀ ਉਚੀ ਇਹ ਆਖਨ। ਜੋਗ ਅਜੋਗ ਸ਼ਬਦ ਅਤਿ ਭਾਖਨ
ਹੇ ਪਾਪੀ ਤੂੰ ਹੋਜਾ ਪਰੇ। ਤੇਰੇ ਤਾਂ ਮੈਂ ਰਹਿੰਦਾ ਘਰੇ ।
ਪਰ ਤੈਂ ਨਾਹੀ ਮੈਨੂੰ ਮੰਨਿਆਂ। ਅਜ ਪਿਆਲਾ ਮੇਰਾ ਭੰਨਿਆਂ।
ਤੇਰੀ ਜੜ੍ਹਾਂ ਪੁਟ ਕੇ ਜਾਊਂ । ਇਸ ਡੋਲੀ ਨੂੰ ਪਕੜ ਮੁਕਾਊਂ ।

Digitized by Panjab Digital Library | www.panjabdigilib.org

ਜਾਹ ਲਿਆਉ ਮਰਾਸਨ ਸੱਦ। ਜਿਸਦਾ ਹੂੰਬੇ ਜੇਡਾ ਕੱਦ॥
ਆਕੇ ਮੈਨੂੰ ਗੀਤ ਸੁਨਾਏ। ਜੋ ਮੰਗੇ ਸੋਈ ਵਰ ਪਾਏ।
ਮੈ ਹਾਂ ਮੀਰਾਂ ਪੀਰ ਵਡੇਰਾ। ਛਡੂੰ ਨਹੀ ਖੋਜ ਖੁਰ ਡੇਰਾ।
ਮੈ ਕਿਤਨਿਆਂ ਦੇਹਨ ਘਰ ਗਾਲੇ। ਮੈਨੂੰ ਮੰਨਨ ਰਹਿਨ ਸੁਖਾਲੇ।
ਇਹ ਸੁਣਕੇ ਮੈਂ ਨੰਗੀ ਪੈਰੀ। ਨਸਿਆ ਖਾਤਰ ਅਪਨੀ ਖੈਰੀ।
ਜਿਸ ਪਰ ਹੁਕਮ ਭੂਮਾਂ ਦੇ ਜਾਵਾਂ। ਨੂਰਾਂ ਸਦ ਮਰਾਸਨ ਲਜਾਵਾਂ।
ਜੋ ਆਕੇ ਉਸ ਤੁਰਤ ਖਿਡਾਊ। ਲੈ ਭੇਟਾ ਮੀਰਾਂ ਤੁਰਜਾਊ॥ ੧੨

# ਸੈਲਾਨੀ ਸਿੰਘ

ਦੋਹਰਾ—ਜਿਸਨੂੰ ਮੁੜਕੇ ਮੈਂ ਕਿਹਾ ਸੁਨ ਬੁੱਢੂ ਮਤ ਹੀਨ॥
ਨਰ ਹੋਕੇ ਤੂੰ ਹੋ ਗਿਆ ਅਪਨੀ ਨਾਰ ਅਧੀਨ॥ ੧੩॥

ਚੌਪਈ

ਜਿਤਨੀ ਤੈਂ ਹੈ ਕਰੀ ਕਹਾਣੀ। ਇਹ ਸਭ ਰਿੜਕਾਂ ਐਵੇਂ ਪਾਣੀ।
ਪਰ ਹੁਣ ਮੈਨੂੰ ਸਚ ਸੁਨਾਓ। ਰਖੀਂ ਮੂਲ ਨ ਕੁੱਝ ਲੁਕਾਓ।
ਕਦਥੋਂ ਹੋਈ ਇਹ ਬੀਮਾਰੀ। ਅਰ ਕਦ ਬਜਾਹੀਸੀ ਘਰ ਵਾਰੀ
ਸਸ ਨਣਦ ਹਨ ਘਰ ਵਿਚ ਉਸਦੇ। ਕਦੇ ਕਦੇ ਹਨ ਘਰਦੇ ਰੁਸਦੇ
ਫਿਰ ਇਹ ਗੈਹਣਾਂ ਭੀ ਕੁਝ ਚਾਹੇ। ਜੁਦੇ ਹੋਨ ਦੇ ਹੈਨ ਉਮਾਹੇ।
ਇਨ ਬਾਤਾਂ ਦਾ ਉਤਰ ਦੇਹੁ॥ ਫਿਰ ਮੈ ਦਸੂੰ ਸਭ ਸਨੇਹ॥
ਅਰ ਤੇਰਾ ਕੀ ਨਾਮ ਬਤਾਉ। ਘਰ ਤੇ ਰਾਜੀ ਹੈਂ ਸਮਝਾਉ॥੧੪

# ਮਜੂਲਾ ਸਿੰਘ

ਦੋਹਰਾ—ਗੱਲਾਂ ਦੇ ਵਿਚ ਦੇਰ ਹੋ ਜਾਸੀ ਸਿੰਘਾ ਦੇਖ॥
ਐਸਾ ਨਾਂ ਹੋ ਮੁੜਦੇ ਮਗਰੋਂ ਫੁੱਟਨ ਲੇਖ॥ ੧੫॥

Digitized by Panjab Digital Library | www.panjabdigilib.org

## ਚੌਪਈ

ਹੁਣ ਤਾਂਹੱਲਾਂਦਾਨਾਂਵੇਲਾ। ਮੈ ਤਾਂ ਘਰ ਵਿਚਮਰਦ ਅਕੇਲਾ।
ਪਿਛੋਂ ਖਬਰ ਨਹੀਂ ਕਜਾ ਹੋਯਾ। ਜਜੂੰਦਾ ਹੈ ਕੇ ਟੱਬਰ ਮੋਯਾ।
ਪਰ ਮੈਂ ਛੇਤੀ ਦਿਆਂ ਸੁਨਾਇ। ਜੋ ਕੁਛ ਪੈਗਈ ਸਾਡੇ ਭਾਇ।
ਇਹ ਤਾਂ ਅਜੇ ਹੈ ਕੁਝ ਹੋਇਆ। ਅਗੇ ਕਦੇ ਨ ਜੀਉੜਾਖੋਯਾ।
ਚਾਰ ਮਹੀਨੇ ਮੈਨੂੰ ਹੋਏ। ਮੁਕਲਾਵਾ ਲਿਆਇਆ ਸੁਖ ਜੋਏ।
ਮਾਈ ਮੇਰੀ ਹੈ ਕਲਿਹਾਰੀ। ਮੇਹਣੇ ਦਿੰਦੀ ਨਿਤ ਨਕਾਰੀ।
ਅਰ ਇਕ ਮੇਰੀ ਛੋਟੀ ਭੈਣ। ਕਰਦੀ ਬੁਰੇ ਹੈ ਬੈਹਕੇ ਬੈਣ॥
ਜਿਸਤੇ ਰਾਤ ਜਦੋਂ ਮੈ ਆਯਾ। ਘਰ ਦੇ ਵਿਚ ਬਖੇੜਾਪਾਯਾ।
ਇਕ ਵਲ ਅੱਮਾਂ ਅਰਸੀ ਭੈਣ। ਇਕਵਲ ਕੱਲੀਇਹਸੁਦੈਣ
ਖੜਭਨ ਆਪਸ ਅੰਦਰ ਤਿੰਨੇ। ਮਿਠੇ ਚਾਵਲ ਲੈ ਤਦਰਿੰਨੇ।
ਮੈਂ ਆਕੇ ਇਸਨੂੰ ਧਮਕਾਯਾ। ਇਕ ਅਧਾ ਗੁਰਬਤ ਟਕਾਯਾ।
ਜਿਸ ਵਿਚ ਗੁੱਸੇ ਅੰਦਰ ਆਈ। ਪਰ ਦਿਨ ਚੜ੍ਹਦੇ ਫੇਰਮਨਾਈ
ਕਦੇ ਕਦੇ ਕੈਂਹਦੀ ਹੈ ਹੱਸ। ਦੇਹੁ ਘੜਾਇ ਅਸਾਨੂੰ ਹਸ॥
ਹੋਰ ਕਹੇ ਇਕ ਨੱਥ ਬਨਾਦੇ। ਅਠ ਮੋਤੀਆਂ ਨਾਲ ਗਨਾਦੇ
ਜੈਸਾ ਹੁੰਦਾ ਨਾਰ ਸੁਭਾਓ। ਓਸਾ ਕਰ ਲੈਂਦੀ ਹੈ ਚਾਓ॥
ਘਰ ਤੋਂ ਅਜੇ ਤੀਕ ਹਾਂ ਚੰਗੇ। ਕਿਸੇ ਪੜੋਸੀ ਤੇ ਨਹਿ ਮੰਦੇ।
ਸਭ ਕੁਛ ਹੈ ਘਰਦੇ ਵਿਚ ਸਾਡੇ। ਸੱਚੀ ਆਖੀ ਪਾਸ ਤੁਹਾਡੇ
ਪਰ ਇਹ ਆਹ ਕਲੇਸ਼ ਅਸਾਨੂੰ। ਪਿਆਅਜ ਕੀਕਹਾਂ ਤੁਸਾਨੂੰ
ਜਿਸਨੇ ਬਹੁਤਾ ਜੀਉ ਦੁਖਾਯਾ। ਘਰਦਾ ਕੁੱਝ ਨਾ ਮੈਨੂੰਭਾਯਾ
ਇਹ ਹੈ ਸਾਰੀ ਬਾਤ ਪਜਾਰੇ। ਕੀ ਲੁਕਾਓ ਹੈ ਅਗੇ ਥਾਰੇ॥
ਲੈ ਹੁਣਮੈ ਛੇਤੀ ਹੀਜਾਵਾਂ। ਸੱਦ ਮਰਾਸਨ ਨੂਰਾਂ ਲਜਾਵਾਂ॥੧੬

Digitized by Panjab Digital Library | www.panjabdigilib.org

## ਸੈਲਾਨੀ ਸਿੰਘ

ਦੋਹਰਾ–ਠਹਰ ਜ਼ਰਾ ਕਿਉਂ ਨੱਸਦਾ ਲੱਭ ਲਈ ਸਭ ਖੇਲ॥
ਇਹ ਤਾਂ ਮੀਰਾਂ ਭੁੜਕਦਾ ਨਾਂ ਮਿਲਨੇ ਦੇ ਮੇਲ॥੧੭॥

ਚੌਪਈ

ਇਹ ਤਾਂ ਦਿਸਦੀ ਨਹੀਂ ਬੀਮਾਰੀ ॥ ਹੈਸੱਸੂਦੇ ਤਾਨਿਆਂਮਾਰੀ
ਯਾ ਹੈ ਜੁਦਾ ਹੋਨ ਨੂੰ ਮੰਗੇ। ਜਿਸਤੇ ਫੰਧ ਚਲਾਵੇ ਚੰਗੇ ॥
ਮੀਥਾਂ ਛੀਰਾਂ ਕੁਛ ਨ ਭਾਈ। ਇਹ ਨਾਰਾਂ ਦੀ ਹੈ ਚਤਰਾਈ।
ਕਈਤ੍ਰਾਂਦੇਫੰਧਚਲਾਉਨ। ਫਿਰਅਪਣਾਂਮਤਲਬਕਢਵਾਉਨ
ਇਹ ਤੇਰੀ ਘਰ ਵਾਲੀ ਜੋਰੂ। ਹੈ ਕੱਲੀ ਹੀ ਮੰਨ ਬਟੋਰੂ।
ਟਬਰ ਵਿਚ ਨ ਮਿਲਦੇ ਚੋਖੇ। ਮਰਦੀ ਪਈ ਭੁਖ ਦੇ ਦੋਖੇ।
ਕਲੀ ਹੋਕੇ ਖੂਬ ਉਡਾਊ । ਚੂਰੀ ਕੁਟ ਮਲੀਦਾ ਖਾਊ।
ਅਰਮੁਖਤਯਾਰਆਪਬਨਘਰਦੀ। ਬੈਠੇਗੀਦੌਲਤਲੈ ਤਰਦੀ।
ਇਸ ਦੀ ਦਾਰੂ ਇਹੋ ਪਜਾਰੇ। ਲੈ ਉਸ ਨੂੰ ਹੋ ਜਾਹੁ ਕਨਾਰੇ।
ਫਿਰ ਮੀਰਾਂ ਆਪੇ ਉਠ ਜਾਊ। ਜਦ ਇਸ ਮੌਜ ਕਰੇਂਦੀ ਪਾਊ।
ਫਿਰ ਤੈਂ ਕੀ ਲੈਣਾ ਹੈ ਜਾਕੇ। ਡੂਮਣੀਆਂ ਨੂੰ ਘਰ ਸਦਵਾਕੇ।
ਏਹੋ ਮੇਰਾ ਮੰਤ੍ਰ ਬੁਝ। ਆਪੇ ਆਇ ਜਾਇ ਗੀ ਸੁੱਝ॥ ੧੮॥

## ਮਜੂਲਾ ਸਿੰਘ

ਦੋਹਰਾ–ਇਹ ਤਾਂ ਤੇਰੀ ਬਾਤ ਹੈ ਦਿਸਦੀ ਹਾਸੀ ਜੋਗ ।
ਮੇਰੀ ਵਹੁਟੀ ਤਾਂ ਨਹੀਂ ਨਿੰਦਨ ਜੋਗੀ ਲੋਗ ॥੧੯ ॥

ਚੌਪਈ

ਉਹ ਤਾਂ ਸਿਆਣੀ ਅਰ ਪ੍ਰਧਾਨ। ਘਰ ਦੇ ਕੰਮਾਂ ਹੇਤ ਰਕਾਨ।

Digitized by Panjab Digital Library | www.panjabdigilib.org

ਐਸੋ ਛਲ ਬਲ ਮੂਲ ਨ ਜਾਨੇ। ਰੁੱਝੀ ਰਹੈ ਕੰਮ ਨਿਤ ਠਾਨੈ।
ਫਿਰ ਮੈਂ ਕਿਕੁਰ ਮੰਨਾਂ ਏਹੁ। ਦਿਲ ਵਿਚ ਉਸਦੇ ਸੱਸੂ ਬੇਹ।
ਭਾਈ ਪੀਰ ਨ ਹੁੰਦੇ ਝੂਠੇ। ਜਿਸ ਪਰ ਖਫਾ ਫੜਾਉਨ ਨੂਠੇ।
ਅਸੀਂ ਅਜੇਹੇ ਕੰਮ ਹਜਾਰਾਂ। ਦੇਖੇ ਜਿਨ ਪਰ ਪੀਰਾਂ ਮਾਰਾਂ।
ਅਕਸਰ ਜਿਥੇ ਪੈਰ ਟਕਾਉਨ। ਅਪਨੀ ਪੂਜਾ ਲੈਕਰ ਜਾਉਨ।
ਤਾਂਤੇ ਤੂੰ ਕਜਾ ਜਾਣੈਂ ਭਾਈ। ਅਸੀਂ ਜਗ ਦੀ ਲੀਕ ਰਖਾਈ।੨੦

# ਸੈਲਾਨੀ ਸਿੰਘ

ਦੋਹਰਾ—ਇਹ ਭਾਂ ਚੰਗਾ ਦਸਿਆ ਨਾਰੀ ਦਾ ਤੈਂ ਖਿਆਲ।
ਜਿਸ ਪਰ ਨਜਰੀਂ ਆਂਵਦਾ ਕਰਸੀ ਤੋਹਿ ਕੰਗਾਲ॥੨੧
ਨੀਤੀ ਦੇ ਇਸ ਬਚਨ ਨੂੰ ਜੋ ਨਹਿ ਮੰਨੇ ਚਾਇ।
ਸੋ ਪੈਂਦਾ ਹੈ ਮੌਤ ਮੁਖ ਅਪਨੀ ਗਿੱਲ ਸੁਕਾਇ॥੨੨॥
ਕਰੇ ਬਖੀਲੀ ਬਲੀ ਸੋਂ ਪਾਪ ਕਰਮ ਮਹਿ ਪਜਾਰ।
ਤ੍ਰਿਆ ਪ੍ਰਤੀਤ ਸਾਜਨ ਕਲੈ ਮੀਚ ਦੁਵਾਰੇ ਚਾਰ॥੨੩।

। ਚੌਪਈ॥

ਸੋ ਤੈਂ ਗੁਰ ਸਮਝੀ ਹੈ ਨਾਰ। ਜਿਸ ਪਰ ਕਰ ਬੈਠੋਂ ਅਤਬਾਰ
ਮੇਰੀ ਬਾਤ ਨ ਧਰਦਾ ਕੰਨੀ। ਕਹੀ ਭਲੇ ਦੀ ਇੱਕ ਨ ਮੰਨੀ
ਜਿਸ ਪਰ ਤੂੰ ਦੁਖ ਭਰਦਾ ਐਸੇ। ਮੂਰਖ ਤਾਂਈ ਚਾਹੀਏ ਜੈਸੇ
ਸੁਣਭਾਈ ਜੋ ਜਗ ਦੀ ਲੀਕ। ਬੇਸ਼ਕ ਚੱਲਨ ਹੁੰਦਾ ਠੀਕ।
ਪਰ ਉਹਲੀਕ ਭਲੇ ਜੋ ਆਖਨ। ਧ੍ਰਮ ਕ੍ਰਮਵਿਚਚੰਗੀ ਭਾਖਨ
ਸੋ ਪੂਰੀ ਕਰਨੀ ਹੈ ਚੰਗੀ। ਪਰ ਨਾਂ ਇਹ ਬਿਪਤਾ ਮੁਖ ਮੰਗੀ
ਕੌਣ ਪੀਰ ਅਰ ਕਿੱਥੇ ਰਹੰਦਾ। ਕਿਸ ਦਾ ਪੁਤ ਕਬਾਓਂ ਬਹੰਦਾ।

Digitized by Panjab Digital Library | www.panjabdigilib.org

ਉਘ ਨ ਸੁਘ ਜਿਸੇ ਦੀ ਕੋਇ । ਤੇਰਾ ਸਭ ਸੁਖ ਦਿੰਦਾ ਖੋਇ
ਉਸਦੇ ਮਗਰ ਲੱਗਕੇ ਵੱਸ । ਕਜੇਂ ਤੈਂ ਪਾਈ ਸਿਰ ਪਰ ਭੱਸ
ਮੈਂ ਇਹੋ ਜੇਹੇ ਜੋ ਚਾਲੇ। ਕਈ ਤਰਾਂ ਦੇ ਦੇਖੇ ਭਾਲੇ।
ਸੁਣ ਤੂੰ ਮੈਂ ਇਕ ਗੱਲ ਸੁਨਾਵਾਂ। ਅਖੀਂ ਦੇਖੀ ਝੂਠ ਨ ਗਾਂਵਾਂ
ਮੈਣ ਦੁਆਬ ਵਿਚ ਸੀ ਇਕ ਜਾਗਾ। ਸੀ ਮੇਰਾ ਮਨ ਬਹੁਤਾ ਲਾਗਾ।
ਬਾਲ ਅਵਸਥਾ ਅੰਦ੍ਰ ਭਾਈ। ਮੈਂ ਡਿਠੀ ਇਹ ਬਾਤ ਅਜਾਈਂ।
ਇਕ ਆਦਮੀ ਤੇਰੇ ਜੇਹਾ । ਨੱਠ ਜਾ ਆਇਆ ਚੁਪ ਨ ਰੇਹਾ
ਲੱਗਾ ਰੋਕੇ ਕੂਕਾਂ ਮਾਰਨ । ਮੇਰੇ ਅਗੇ ਹਾਲ ਪੁਕਾਰਨ ।
ਜੀ ਛੇਤੀ ਚਲੋ ਘਰ ਮੇਰੇ । ਜੇ ਕੁਛ ਯਾਦ ਮੰਤ੍ਰ ਹੈ ਤੇਰੇ ।
ਮੇਰੀ ਤ੍ਰੀਮਤ ਭਈ ਬੀਮਾਰ । ਬੈਠੀ ਕਰਦੀ ਹਾਲ ਪੁਕਾਰ ।
ਉਸ ਦੀ ਨਬਜ ਚੱਲਕੇ ਦੇਖ । ਜੇ ਕੁਛ ਜਾਗਨ ਮੇਰੇ ਲੇਖ ।
ਜਦ ਮੈਂ ਦੇਖਿਆ ਦੁਖੀਆ ਜੀਉ। ਡੁਲਿਆ ਰੇਤੇ ਦੇ ਵਿਚ ਘੀਉ
ਤਦ ਕਰ ਤਰਸ ਤੁਰਿਆ ਮੈ ਸੰਗ । ਪਰਸਾਂ ਝਾਫਾ ਹਠੀ ਨਹੰਗ
ਜਦ ਘਰ ਅੰਦਰ ਬੈਠੇ ਜਾਇ। ਅੱਗੋਂ ਦੇਖਜਾ ਅਪਨੇ ਆਇ
ਇਕ ਜੁਆਨ ਉਮਰ ਦੀ ਨਾਰੀ। ਬੈਠੀ ਖੋਹਲੇ ਲਟਾਂ ਖਲਾਰੀ
ਜੋ ਮਨ ਆਇਆ ਸੋਈ ਬੋਲੈ । ਸੌ ਸੌ ਮਣ ਦਾ ਪੱਥਰ ਤੋਲੈ।
ਆਖੇ ਜੜ੍ਹਾਂ ਪੁਟ ਕੇ ਜਾਊਂ । ਤੇਰਾ ਸਾਰਾ ਟਬਰ ਖਾਊਂ ।
ਛਡੂੰ ਨਹੀਂ ਇਕ ਭੀ ਬੰਦਾ । ਕਰਸਾਂ ਹਾਲ ਤੁਸਾਡਾ ਮੰਦਾ ।
ਦੋਹਰਾ–ਜਦ ਮੈਂ ਦੇਖਿਆ ਓਸ ਨੂੰ ਬੇਹੁਦਰੀ ਬੇਬਾਕ ।
ਤਦ ਹੀ ਸਮਝਿਆ ਇਹ ਤਾਂ ਹੈ ਕੁਝ ਬਹੁਤ ਚਲਾਕ॥੨੫

॥ ਚੌਪਈ ॥

ਤਦ ਮੈਂ ਪੀੜ੍ਹੀ ਪਰ ਜਾ ਬੈਠਾ। ਉਸ ਦੇ ਅਗੇ ਹੋਕਰ ਐਠਾ।

Digitized by Panjab Digital Library | www.panjabdigilib.org

ਅਰ ਮੈਂ ਪਕੜ ਉਸਦੀ ਬਾਂਹਿ। ਨਬਜ ਦੇਖਨੇ ਲਗ ਜਾ ਜਾਹਿ।
ਮਤ ਕੋ ਇਸ ਨੂੰ ਹੋਇ ਬਿਮਾਰੀ। ਗਰਮੀ ਖੁਸ਼ਕੀ ਕਰੀ ਖੁਆਰੀ
ਜਿਸ ਤੇ ਭੜਕ ਗਈ ਹੈ ਵਾਇ। ਜਿਸ ਤੇ ਬੋਲੇ ਵਾਹੋ ਦਾਇ
ਜਦ ਮੈਂ ਹਥ ਬਾਂਹਿ ਨੂੰ ਲਾਯਾ। ਤਦ ਤਿਨ ਗੁਸੇ ਨਾਲ ਸੁਨਾਯਾ
ਹੈ ਤੂੰ ਕੌਣ ਸਤਾਵੇਂ ਮੈਨੂੰ। ਫੜਕੇ ਤੁਰਤ ਮੁਕਾਊਂ ਤੈਨੂੰ।
ਦੂਰ ਜਾਹੁ ਮੈਥੋਂ ਇਸ ਵੇਲੇ। ਮੈਨੂੰ ਆਇ ਖੜਾਉਨ ਚੇਲੇ।
ਤੇਰਾ ਏਥੇ ਹੈ ਕਿਆ ਕੰਮ। ਲੁੱਟਨ ਆਇਆ ਸਾਡੇ ਦੰਮ।
ਦੋਹਰਾ—ਤਦ ਮੈਂ ਮਨ ਵਿਚ ਸਮਝਇਆ ਹੁਣ ਮੈਂ ਓਸਾ ਹੋਇ।
ਕਰਾਂ ਇਲਾਜ ਪਛਾਣਕੇ ਦੁਖ ਦਿਆਂ ਸਭ ਖੋਇ।

॥ ਚੌਪਈ॥

ਤਦ ਮੈਂ ਗੁੱਤੋਂ ਪਕੜੀ ਝੱਟ। ਮੂੰਹ ਪਰ ਜੜੀ ਚਪੇੜ ਤੜੱਕ
ਅਰ ਪੁਛਿਆ ਤੂੰ ਹੈਂ ਕਹੁ ਕੌਣ। ਕਿਥੇ ਅਹੇ ਤੁਸਾਡਾ ਭੌਣ।
ਤਿਸ ਪਰ ਚੀਖ ਮਾਰ ਕਰ ਬੋਲੀ। ਮੈ ਹਾਂ ਮੀਰਾਂ ਇਹ ਹੈ ਡੋਲੀ।
ਹੁਣ ਮੈਂ ਇਸਨੂੰ ਲੈਣੇ ਆਯਾ। ਮੇਰੀ ਇਸ ਪਰ ਪੈ ਗਈ ਸਾਯਾ
ਡੇਰਾ ਮੇਰਾ ਵਿਚ ਸਰੰਦ। ਇਕ ਮਕਬਰੇ ਦੇ ਵਿਚ ਬੰਦ।
ਉਥੋਂ ਚਲਕੇ ਆਇਆ ਝੱਟ। ਇਸ ਡੋਲੀ ਨੂੰ ਜਾਸਾਂ ਪੱਟ।
ਜਿਸ ਪਰ ਮੈਂ ਫਿਰ ਕਹੀ ਸੁਨਾਇ। ਇਸ ਪਰ ਕਿਉਂ ਤੈਂ ਧਰੀ ਬਲਾਇ
ਕਿਆ ਨੁਕਸਾਨ ਏਸਨੇ ਕੀਤਾ। ਜਿਸਦਾ ਬਦਲਾ ਤੈਂ ਹੈ ਲੀਤਾ
ਜਿਸਨੂੰ ਸੁਨਕੇ ਬੋਲਾ ਏਹ॥ ਮੈਂ ਸਾਂ ਬੈਠਾ ਉਪਰ ਥੇਹ।
ਪੜ੍ਹ ਦਾਸੀ ਜਦ ਖੜ੍ਹਾ ਨਿਵਾਜ। ਤਦ ਇਸ ਦਾ ਭਰਤਾ ਕਿਤ ਕਾਜ
ਗਿਆ ਸਰੰਦ ਹੋਇ ਮਨ ਰਾਜੀ। ਮੇਰੇ ਉਪਰ ਮੂਤਿਆ ਪਾਜੀ
ਜਿਸ ਪਰ ਮੈਨੂੰ ਗੁੱਸਾ ਆਇਆ। ਇਸ ਡੋਲੀ ਨੂੰ ਪਕੜ ਹਲਾਯਾ
ਇਹ ਹੈ ਮੇਰਾ ਬਦਲਾ ਸੱਚ। ਥੋੜਾ ਨਹੀਂ ਏਸ ਵਿਚ ਕੱਚ।

Digitized by Panjab Digital Library | www.panjabdigilib.org

ਜਿਸਨੂੰ ਸੁਨਕੇ ਮੈ ਇਹ ਆਖੀ। ਸਚ ਅਹੇ ਮੀਰਾਂ ਜੋਭਾਖੀ।
ਪਰ ਤੂੰ ਦਸ ਛਡ ਹੈਂ ਕੈਸੇ। ਹੁਣ ਦੇਂ ਬਖਸ਼ ਬਤਾਉ ਜੈਸੇ ॥
ਅਰ ਇਸਦੇ ਮਾਲਕ ਦਾ ਹੈ ਦੋਸ।ਤੈਂਇਸਪਰਕਜੋਂਕੀਤਾਰੋਸ
ਸਨਦੇਸਾਰ ਮਾਰ ਸਿਰ ਚੰਗਾ। ਬੋਲੀ ਮੈਨਾਂ ਛਡੂੰ ਦੇਂਗਾ ॥
ਜਿਤਨਾਂ ਚਿਰ ਇਹ ਔਰਤ ਨਾਲ। ਮੇਰੇ ਪੈਰਾਂ ਤੇ ਧਰ ਵਾਲ
ਦਏ ਚੂਰਮਾਂ ਬਾਲੇ ਦੀਵਾ। ਅਰ ਮਨ ਦੇ ਵਿਚ ਹੋਕੇ ਖੀਵਾ
ਕਹੇ ਬਖਸ਼ ਪੀਰਾ ਤਕਸੀਰ। ਕਰਦੇ ਰਾਜ਼ੀ ਏਹੁ ਸਰੀਰ ॥
ਅਗੇ ਨੂੰ ਮੈ ਫੇਰ ਨ ਕਰਸਾਂ। ਹਰ ਇਕ ਜੁਮੇ ਚੌਕੀਆਂਭਰਸਾਂ
ਦਏ ਧੂਪ ਅਰ ਹੋਵੇ ਦੀਨ। ਮੇਰਾ ਬਣਕੇ ਰਹੇ ਕਮੀਨ ॥
ਜੋ ਇਹ ਡੋਲੀ ਦਸੇ ਬਾਤ। ਸੋਈ ਕਰੇ ਨ ਮੋੜੇ ਭਰਾਤ ॥
ਇਸਦੀ ਆਗਿਆ ਮੰਨੇ ਸਾਰੀ। ਤਾਂ ਮੈਂ ਛਡਾਂ ਏਸ ਵਿਚਾਰੀ
੨੭॥ ਦੋਹਰਾ—ਤਾਰ ਬਜਨੇ ਤੇ ਲਿਆ ਸਮਝ ਤਦੋਂ ਮੈਂ ਰਾਗ।
ਇਹ ਤਾਂ ਅਪਨਾਂ ਚਾਂਹੁਦੀਲਾਗੀਵਾਂਗਰ ਲਾਗ॥੨੮

ਚੌਪਈ

ਫਿਰ ਮੈ ਪੁਛਿਆ ਉਸਦੇਪਤੀ। ਕਜੋਂਭਈਇਹਤਾਂਹੁੰਦੀਸਤੀ
ਕਰਾਂ ਇਲਾਜ ਨ ਮੰਨੇ ਗੁੱਸਾ। ਮਤ ਮੈਥੋਂ ਹੀ ਜਾਵੇਂ ਰੁੱਸਾ ॥
ਉਸਨੇ ਕਹੀ ਜੋੜ ਕਰ ਹੱਥ। ਕਰ ਬਿਸ਼ਕ ਜੇ ਹੈ ਸਮਰੱਥ ॥
ਮੈ ਤਾਂ ਇਸਨੂੰ ਰਾਜ਼ੀ ਕਰਨਾ। ਨਿੱਤ ਦੁਖ ਹੈ ਕਿਸਨੇ ਭਰਨਾ
ਜੇ ਮੰਤ੍ਰ ਹੈ ਕੋਈ ਯਾਦ। ਤਾਂ ਪੜ ਮੇਰੀ ਸੁਣ ਫਰਯਾਦ ॥
ਜਿਸਪਰ ਮੈ ਉਸਨੂੰ ਇਹ ਕਹੀ।ਪਲਵਿਚਲੇਵੀਂ ਓਹੋ ਜਿਹੀ
ਏਹਾ ਮੰਤ੍ਰ ਤੁਰਤ ਚਲਾਊ। ਮੁੜਕੇ ਇਸ ਦੁਖੋਂ ਛੁਟਕਾਊ ॥
ਕਦੇ ਬੀਮਾਰ ਹੋਇ ਜੇ ਗਈ। ਏਸ ਮਰਜ਼ ਤੇ ਮੁੜਕੇ ਭਈ।

Digitized by Panjab Digital Library | www.panjabdigilib.org

ਤਾਂ ਤੂੰ ਦਈਂ ਉਲਾਂਭਾ ਮੈਨੂੰ। ਸੱਚੀ ਗਲ ਕਹਾਂ ਮੈਂ ਤੈਨੂੰ।
ਇਤਨਾਂ ਕਹਕੇ ਪਕੜੀ ਗੁਤ। ਕਸਕੇ ਮਾਰੇ ਸਿਰ ਪਰ ਜੁੱਤ।
ਅਰ ਫਿਰ ਨਾਲ ਚੁਪੇੜਾਂ ਮੂੰਹ। ਦਿਤਾ ਰੰਗ ਨ ਬੋਲੇਉਹ।
ਮਿਰਚਾਂ ਲਾਲ ਧੁਖਾਕੇ ਧੂਣੀ। ਦਿਤੀ ਨਾਸਾਂ ਖੂਬ ਹਲੂਣੀ।
ਅਰ ਆਖੀ ਕਿਉਂ ਮੀਆਂ ਪੀਰ। ਚੰਗੀ ਹੈ ਮੇਰੀ ਤਤਬੀਰ।
ਜਿਸ ਪਰ ਬੋਲ ਉਠੀ ਕਰ ਝੱਟ। ਨਾਂਜੀ ਸਿਰ ਮੇਰਾ ਨਹਿ ਪੱਟ
ਮੈ ਤਾਂ ਹਾਂ ਨੰਦੋ ਦੁਖਜਾਰੀ। ਕਿਉਂ ਹਾਂ ਬਿਨ ਅਪਰਾਧੋਂ ਮਾਰੀ
ਤਦ ਮੈਂ ਕਿਹਾ ਨਹੀਂ ਤੂੰ ਨੰਦੋ। ਤੂੰ ਤਾਂ ਮੀਰਾਂ ਹੈਂ ਸਰਹੰਦੋਂ
ਵੇਖ ਚੂਰਮਾਂ ਕਿਹਾ ਖੁਲਾਊਂ। ਚੰਗੇ ਪਾਂਣੀ ਵੁਜੂ ਕਰਾਊਂ।
ਐਸੇ ਟਕਵਾਊਂਗਾ ਮੱਥੇ। ਇਕ ਪਲ ਅੰਦਰ ਦੇ ਗਲ ਹੱਥੇ
ਇਤਨਾ ਕਹਕੇ ਦੋਇ ਘਸੁੰਨ। ਮੌਰਾਂ ਦੇ ਵਿਚ ਦਿਤੇ ਤੁੰਨ।
ਜਿਸ ਪਰ ਰੋਕੇ ਕਹੇ ਪੁਕਾਰ। ਹੇ ਸਿੰਘਾ ਨਾ ਮੈਨੂੰ ਮਾਰ।
ਮੈ ਹਾਂ ਕਾਲੀ ਗਾਂਈ ਤੇਰੀ। ਛਡ ਜਾਨ ਇਸ ਵੇਲੇ ਮੇਰੀ।
ਤਦ ਮੈਂ ਪੁਛਿਆ ਕਹੁ ਉਹ ਮੀਰਾਂ। ਫਿਰ ਭੀ ਆ ਕਰਸੀ ਤਤਬੀਰਾਂ
ਕਦੇ ਚੂਰਮਾਂ ਆਕੇ ਮੰਗੂ। ਅਪਨਾ ਮੁੱਖ ਚਪੇੜੀ ਰੰਗੂ।
ਤਦ ਤਿਨ ਜੋੜ ਹਥ ਫਿਰ ਦੋਇ। ਆਖੀ ਭੁਲ ਗਈ ਹੈ ਹੋਇ
ਮੁੜਕੇ ਕਦੇ ਨ ਕਰਸਾਂ ਫੇਰ। ਛੱਡ ਦੇਹ ਮੈਨੂੰ ਇਕ ਵੇਰ।
ਉਹ ਦਿਨ ਤੇ ਲੈਕੇ ਅਜ ਤੋੜੀ। ਮੀਰਾਂ ਨੇ ਫਿਰ ਵਾਗ ਨ ਮੋੜੀ
ਕਈ ਪੁਤ੍ਰ ਤੇ ਜਣੀਆਂ ਧੀਆਂ। ਪਰ ਮੁੜਕੇ ਨਾ ਆਯਾ ਮੀਆਂ
ਤਾਂਤੇ ਏਹ ਚਰਿਤ੍ਰ ਸਾਰੇ। ਕੀਤਾ ਜੋਰੂ ਨਾਲ ਤੁਮਾਰੇ।
ਮੀਆਂ ਛੀਆਂ ਹੈ ਕਿਆ ਚੀਜ। ਮੁੱਢੋਂ ਪੱਟ ਓਸਦਾ ਬੀਜ।
ਇਕਵੇਰ ਜੇ ਫਿਰ ਮੁੜ ਆਵੇ। ਇਸੇ ਤਰਾਂ ਇਸ ਨੂੰ ਭਰਮਾਵੇ।

Digitized by Panjab Digital Library | www.panjabdigilib.org

ਤਾਂ ਤੂੰ ਨਾਉ ਲਈ ਚਾ ਮੇਰਾ। ਆਪੇ ਕੂਚ ਕਰੂ ਤਾਂ ਡੇਰਾ।
ਤਾਂਤੇ ਮੁੜ ਘਰ ਨੂੰ ਤੂੰ ਜਾਹ। ਤ੍ਰੀਮਤ ਪਰ ਨਾਂ ਕਰੀਂ ਵਸਾਹ।
ਏਅਸਮਾਨਲਾਉਂਦੀ ਟਾਕੀ। ਛੱਡੇਕਸਰਨਕੋਈਬਾਕੀ॥੨੯

## ਮਜੂਲਾ ਸਿੰਘ

ਦੋਹਰਾ—ਚਾਲੀ ਸੇਰੀ ਗੱਲ ਤੈਂ ਦੱਸੀ ਤਾਂ ਹੈ ਸਚ।
ਪਰ ਇਸਦੇ ਹੁਨ ਕਰਨ ਮੈਂ ਝਗੜਾ ਜਾਊ ਮੱਚ।੩੦।

ਚੌਪਈ

ਜਦ ਮੈ ਕੀਤਾ ਏਸੇ ਤੌਰ। ਲੈਕੇ ਸੋਟਾ ਸੇਕੋ ਮੌਰ।
ਤਦ ਮੱਚੂਗੀ ਹਾਲ ਪੁਕਾਰ। ਕਠਾ ਹੋਊ ਸਭ ਪਰਵਾਰ।
ਇਸਨੂੰ ਮਸਤੀ ਕੋਇ ਨ ਆਖੂ।ਮੈਨੂੰ ਬੁਰਾ ਸਗਲਜਗਭਾਖੂ।
ਕਹਨਕਿਹਾ ਹੈ ਏਹਕਠੋਰ। ਮਾਂਦੀ ਪਰਪਾਇਆਜਿਨਜ਼ੋਰ।
ਇਕ ਬਹੁ ਸੀ ਦਮ ਦੀ ਮਾਰੀ। ਦੂਜੀ ਉਸਨੇ ਕਰੀਖੁਆਰੀ।
ਧੀ ਘਰਾਣੇ ਦੀ ਉਸਫੜਕੇ। ਛਡੀ ਨਾਲ ਸੋਟਿਆਂ ਘੜਕੇ
ਦੇਖੋ ਤਰਸ ਨਾ ਇਸਨੂੰ ਆਯਾ। ਚੰਗਾਸ਼ਰਬਤਕੁਟਪਲਾਯਾ।
ਦੇਨਸ਼ਰੀਕਛਿਬੀਆਂ ਮੈਨੂੰ। ਕਹਿਨ ਚੰਬੜਿਆ ਹੈਕੀਹਤੈਨੂੰ।
ਇਸ ਤੇ ਮੈਂ ਨਹਿ ਚਹਾਂ ਬਖੇੜਾ।ਘਰ ਵਿਚ ਕਰੇ ਉਪੱਦ੍ਰਜੇਹੜਾ।
ਤਾਂਤੇ ਘਰ ਡੂਮਾਂ ਦੇ ਜਾਊਂ। ਤੁਰਤ ਮਰਾਸਨ ਸਦ ਲਜਾਊਂ।
ਜੋ ਕਰਨਾ ਓਹ ਕਰਸੀ ਆਪ। ਸਾਨੂੰ ਕੀਹ ਇਸਵਿਚਹੈਪਾਪ।
ਸਗੋਂ ਸਚੇ ਹੋਵੇਂਗੇ ਐਸੇ। ਜੋ ਤੈਂ ਕਹੀ ਕਰੀ ਮੈਂ ਤੈਸੇ।
ਪਰ ਜੇ ਤੂੰ ਕੁਛ ਮੰਨੇ ਬਾਤ। ਕੱਟ ਅਸਾਡੇ ਘਰ ਵਿਚ ਰਾਤ।
ਸਾਰਾ ਕੌਤਕਦੇਖੀਂ ਅੱਖੀਂ।ਅਪਨੇ ਦਿਲ ਵਿਚ ਹੌਂਸ ਨ ਰੱਖੀਂ।

Digitized by Panjab Digital Library | www.panjabdigilib.org

ਜਿਸਨੂੰ ਮੈਂ ਕੀਤਾ ਮਨਜ਼ੂਰ। ਕਰਨਾ ਦਰਸ਼ਨ ਅਜ ਜ਼ਰੂਰ।
ਦੋਨੋਂ ਡੂਮਾਂ ਦੇ ਘਰ ਗਏ। ਜਾਇ ਮਰਾਸਨ ਗਿਰਦੇ ਭਏ।
ਆਖੀ ਨੂਰਾਂ ਚੱਲ ਸ਼ਤਾਬੀ। ਸਾਡੇ ਘਰ ਵਿਚ ਮਚੀਖ਼ਰਾਬੀ।
ਮੇਰੀ ਵਹੁਟੀ ਖੇਲੇ ਅੱਜ। ਸਾਨੂੰ ਨਹੀਂ ਏਸਦਾ ਚੱਜ।
ਚਲਜ਼ਰਾ ਤੂੰ ਘਰਪਰ ਸਾਡੇ। ਜਦ ਸੁਣਸੀ ਓਹ ਗੀਤਤੁਸਾਡੇ।
ਆਪੇ ਦੱਸੂ ਸਭੋ ਹਾਲ। ਅਪਨੇ ਮਨਦੀ ਧੀਰਜ ਨਾਲ।
ਚੁਕ ਢੋਲਕੀ ਹੋ ਲੈ ਅਗੇ। ਦੇਵਾਂਗੇ ਜੋ ਕੁਛ ਹੈ ਲੱਗੇ।
ਤਦੋ ਮਰਾਸਨਢੋਲਕਚਾਈ। ਨਾਲਆਪਣੀਨਣਦਲਵਾਈ।
ਗਈਆਂ ਸਾਡੇ ਘਰ ਵਿਚ ਆਇ। ਅਗੇ ਦੇਖੀ ਪਈ ਬਲਾਇ।
ਪਈਹੋਈਸੀ ਚੁਪਚਪਾਤੀ। ਸੁਨਦਿਆਂਚਮਕੀਵਾਂਗਚੁਆਤੀ।
ਉਚੇ ਸੂੰਕੇ ਨਾਰੇ ਮਾਰੇ। ਹੱਥਾਂ ਪੈਰਾਂ ਪਈ ਪਸਾਰੇ।
ਜਿਸ ਪਰ ਅਸੀਂ ਪਾਸ ਬਹਿ ਗਏ। ਨੂਰਾਂ ਨੇ ਭੀ ਚੱਕਰਦਏ।
ਲਗੀ ਢੋਲਕਖੂਬਬਜਾਵਨ। ਮੀਰਾਂ ਪੀਰ ਗੀਤ ਚਾ ਗਾਵਨ।
ਜਿਸ ਪਰ ਜਦਸੁਨਸੀਆਵਾਜ਼। ਪਈਗਰਜਜਿਉਂਭੁੱਖਾਬਾਜ਼।
ਸਿਰ ਨੂੰ ਚੁਕ ਹਲਾਯਾ ਐਸਾ। ਫਿਰੇ ਮਝੇਰੂ ਚਰਖੇ ਜੈਸਾ।
ਕੱਟੇ ਵਾਂਗੂ ਰਿੰਗਨਲੱਗੀ। ਟੱਪੇ ਜਿਉਂ ਹਰੀਆਉਲ ਢੱਗੀ।
ਜਿਸਪਰ ਫਿਰ ਮਨਮੇ ਮੁਰਝਾਕੇ। ਸਿੰਘ ਮਝੇਰੂਬੋਲਜਾਆਕੇ।
ਕੰਬਨ ਲੱਗਾ ਸਭ ਸਰੀਰ। ਕੈਂਹਦਾ ਸਿੰਘਾ ਡਿਠਾ ਪੀਰ ॥੩੧।

## ਮਜੂਲਾ ਸਿੰਘ

ਦੋਹਰਾ—ਕਹੋ ਤੁਸੀ ਤਾਂ ਆਖਦੇ ਪੀਰ ਨਹੀ ਹੈ ਕੁਝ।
ਹੁਣ ਕਹੁ ਇਸਦੇ ਵਿੱਚ ਹੈ ਕੌਣ ਰਿਹਾ ਸੁਣ ਜੁੱਝ ॥੩੧।

Digitized by Panjab Digital Library | www.panjabdigilib.org

ਚੌਪਈ

ਇਹ ਜੋ ਇਤਨਾ ਪਿੰਡਾ ਤੋੜੇ । ਗੰਨੇ ਵਾਂਗਰ ਪਈ ਮਰੋੜੇ ।
ਜੇ ਕੁਛ ਮੀਰਾਂ ਵਸਤ ਨ ਹੋਵੇ। ਤਾਂ ਇਹ ਅਪਨਾ ਕਿਉਂ ਤਨ ਖੋਵੇ
ਇਸ ਹਾਲਤ ਦਾ ਹੈ ਕਿਸ ਚਾਉ। ਇਹ ਤਾਂ ਦਿਸਦਾ ਠੀਕ ਸਦਾਉ।
ਜਿਸ ਪਰ ਕਰਦੀ ਹੈ ਇਹ ਚਾਲੇ। ਪਰ ਇਸ ਤੇ ਨਹਿੰ ਜਾਨ ਸਮ੍ਹਾਲੇ।
ਤੂੰ ਭੀ ਮੰਨ ਲਏਂਗਾ ਮੀਰਾਂ। ਬਖ਼ਸ਼ਾਏਂਗਾ ਸਭ ਤਕਸੀਰਾਂ॥੩੩

# ਸੈਲਾਨੀ ਸਿੰਘ

ਦੋਹਰਾ—ਅਹੋ ਨਕਾਰੀ ਬਾਤ ਪਰ ਕੰਬ ਗਿਆ ਤੈਂ ਚਿੱਤ।
ਇਹ ਤਾਂ ਸੌਖੀ ਬਾਤ ਹੈ ਮੀਆਂ ਜਾਸੀ ਕਿੱਤ ॥੩੪॥

ਚੌਪਈ

ਮੈਂ ਜੋ ਤੈਨੂੰ ਸੀ ਗਲ ਢੱਸੀ। ਸੋਈ ਇਹ ਰਿੜਕ ਦੀ ਲੱਸੀ।
ਮੈਂ ਤਾਂ ਇਸਨੂੰ ਕੁਝ ਨ ਜਾਣਾ। ਜੋ ਉਲਝਾਵੇ ਤੈਂ ਦਨਤਾਣਾ॥
ਇਸਦੇ ਵਾਂਗ ਇਕ ਸੀ ਹੋਰ । ਬੈਠੀ ਪਈ ਨਚਾਵੇ ਮੋਰ ।
ਸੋ ਮੈਂ ਦੱਸਾਂ ਖੋਲ ਕਹਾਣੀ । ਕੈਸਾ ਮੀਰਾਂ ਪੀਤਾ ਪਾਣੀ।
ਇਕ ਬ੍ਰਹਮਨ ਮੇਰਾ ਪਜਾਰਾ। ਹੁੰਦਾ ਸਾ ਇਸ ਦੇਸ ਮਝਾਰਾ।
ਘੋਟੇ ਗਜਾਨ ਰਾਤ ਦਿਨ ਐਸਾ। ਡਾਢਾ ਗਜਾਨੀ ਹੋਵੇ ਜੈਸਾ।
ਮੇਰੇ ਨਾਲ ਓਸਦਾ ਪ੍ਰੇਮ । ਮਿਲਦਾ ਸੀ ਆਕੇ ਨਿਤ ਨੇਮ ।
ਇਕ ਦਿਹਾੜੇ ਜਦ ਓਹ ਆਯਾ। ਤਾਂ ਮੁਰਝਾਯਾ ਮੈਨੇ ਪਾਯਾ।
ਕਿਹਾ ਕਹੋ ਕਜੋਂ ਭਏ ਉਦਾਸ। ਕਜਾ ਕੁਛ ਨਹੀ ਤੁਹਾਡੇ ਪਾਸ।
ਜਿਸ ਪਰ ਉਸਨੇ ਕਹੀ ਪੁਕਾਰ। ਕਿਆ ਮੈਂ ਦੱਸਾਂ ਜਾਨੀ ਯਾਰ ।
ਮੈਂ ਤਾਂ ਨਾਲ ਤੁਸਾਂ ਸਤਸੰਗੀ। ਪਰ ਘਰ ਵਲੋਂ ਹੈ ਬਹੁ ਤੰਗੀ।

Digitized by Panjab Digital Library | www.panjabdigilib.org

ਜਦ ਤੇ ਮੈਂ ਮੁਕਲਾਵਾ ਲਿਆਯਾ। ਸਗੋਂ ਪੁਆੜਾ ਹੈ ਗਲ ਪਾਯਾ।
ਅਜ ਰਾਤ ਨੂੰ ਮੇਰੀ ਨਾਰੀ। ਬੈਠਕ ਦੀ ਕਰ ਰਹੀ ਤਯਾਰੀ।
ਮੀਰਾਂ ਦੀ ਓਹ ਚੌਂਕੀ ਦੇਸੀ। ਮਨ ਭਾਈ ਵਸਤਾਂ ਸਭ ਲੇਸੀ।
ਘਰ ਵਿਚ ਡੂਮਣੀਆਂ ਆ ਜਾਵਨ। ਗਾਉਣ ਕਾਵੀ ਢੋਲ ਵਜਾਵਨ
ਇਸਨੂੰ ਦੇਖ ਜਲੇਂਦਾ ਚਿੱਤ। ਜਾਵਾਂ ਛਡ ਧਾਮ ਨੂੰ ਕਿੱਤ।
ਜਦ ਮੈ ਉਸਨੂੰ ਦੁਖੀ ਨਿਹਾਰਾ। ਤਦ ਹੀ ਹਸ ਕੇ ਐਸ ਉਚਾਰਾ।
ਸੁਨ ਭਾਈ ਤੂੰ ਸਜਜਾ ਸਿੰਘ। ਫਿਰ ਲਹਿ ਜਾਸੀ ਗਲ ਥੋਂ ਲਿੰਘ।
ਤਦ ਤਿਨ ਕਿਹਾ ਬਨੂ ਮੈਂ ਠੀਕ। ਗੁਰੂ ਆਂਪ ਰ ਮੈਨੂੰ ਪਰਤੀਤ।
ਪਰ ਹੁਣ ਇਹ ਜੋ ਪਿਆ ਪੁਆੜਾ। ਮੇਰੇ ਮਨ ਨੂੰ ਲੱਗਾ ਸਾੜਾ।
ਇਸ ਦਾ ਕਿਆ ਕੁਛ ਕਰਾਂ ਇਲਾਜ। ਆਯਾ ਏਹੋ ਪੁਛਨੇ ਕਾਜ। ੩੫

ਦੋਹਰਾ—ਤਦ ਮੈਂ ਹਸ ਕੇ ਆਖਿਆ ਬੋੜੇ ਵਿਚ ਮੁਕਾਉ।
ਦੋ ਦੋ ਡੰਡੇ ਸਭ ਦੇ ਪਿੱਠਾਂ ਪਰ ਚਾ ਲਾਉ ॥ ੩੬ ॥

ਚੌਪਈ

ਜਦ ਓਹ ਚੰਗੀ ਭਲੀ ਦਿਸਾਵੇ। ਅਰ ਅਪਨਾਂ ਫਿਰ ਫੰਧ ਖਲਾਵੇ।
ਗਾਵੇ ਖ਼ੂਬ ਮਰਾਸਨ ਗੀਤ। ਪੂਰਾ ਪਹਿਰ ਜਾਇ ਜਦ ਬੀਤ।
ਥੱਕ ਹਾਰ ਕਰ ਹੋਵੇ ਹੌਲੀ। ਥੋੜੀ ਵੱਜਨ ਢੋਲਕ ਕੌਲੀ।
ਤਦ ਤੂੰ ਝਟ ਅਗੇਰੇ ਜਾਂਈ। ਡੂਮਣੀਆਂ ਨੂੰ ਚਾ ਧਮਕਾਂਈ।
ਅਰ ਅਪਨੀ ਘਰਵਾਲੀ ਜੋਗ। ਦਈਂ ਘਸੁੰਨਾਂ ਦਾ ਤਦ ਭੋਗ
ਫਿਰ ਜੋ ਸਚ ਨਿਤਰ ਤਦ ਆਊ। ਆਪੇ ਪਤਾ ਤੋਹਿ ਲਗ ਜਾਊ
ਜਿਸਨੂੰ ਸੁਨ ਤਿਨ ਫਿਰ ਘਰ ਜਾਕੇ। ਡੇਰਾ ਪਾਯਾ ਦਿਵਸ ਬਤਾਕੇ।
ਲਗੀ ਪੈਨ ਸੰਝ ਜਦ ਚੰਗੀ। ਤਦ ਹੀ ਬੈਠਕ ਰੰਗਨ ਰੰਗੀ।
ਹੌਲੀ ਹੌਲੀ ਸਭ ਸਮਿਆਨ। ਪਹੁਚਾਉ ਸਦੇ ਘਰ ਵਿਚ ਆਨ।

Digitized by Panjab Digital Library | www.panjabdigilib.org

ਫੇਰ ਮਰਾਸਨ ਲਜਾਈ ਢੋਲ । ਛੈਣੇ ਜੋੜੀ ਸੀ ਜਿਸ ਕੋਲ ।
ਦੀਵਾ ਅੰਦਰ ਚੁੱਕ ਜਗਾਯਾ । ਬਾਹਰ ਤੇ ਬੂਹਾ ਅੜ੍ਵਾਯਾ।
ਕਹਿਨ ਲਗੀ ਤਦ ਗੀਤ ਅਜੇਹੇ । ਪੁੱਛਾਂ ਪੁੱਛਨ ਲੋਗ ਅਵੇਹੇ ।
ਉਸਦੀ ਵਹੁਟੀ ਉਠੀ ਮੱਚ । ਲਗੀ ਬੋਲਨ ਕੱਚੋ ਕੱਚ ।
ਜਿਉਂ ਜਿਉਂ ਵੱਜੇ ਢੋਲਕ ਢੰਗੀ। ਤਿਉਂ ਤਿਉਂ ਨਚੇ ਹੋ ਕਰ ਨੰਗੀ।
ਜਦ ਕੁਛ ਤਾਣ ਲਗ ਕੇ ਥੱਕੀ। ਪੁੱਛਾਂ ਦੱਸ ਗੱਪ ਬਹੁ ਬਕੀ।
ਤਦੋ ਫੇਰ ਉਸਦਾ ਘਰ ਵਾਲਾ। ਅੰਦਰ ਗਿਆ ਨਕੂੰ ਧਸ ਭਾਲਾ।
ਲਗਾ ਕਹਿਨ ਅਜ ਕਿਆ ਸਾਡੇ। ਵੱਜਨ ਢੋਲਕੀਆਂ ਦੇ ਕਾਹਡੇ।
ਕਜਾ ਕੋਈ ਮੈਂ ਸ਼ਗਨ ਲਿਆਯਾ । ਯਾ ਹੈ ਤੁਸੀ ਵਿਆਹ ਰਚਾਯਾ।
ਜਿਸ ਪਰ ਇਕ ਬੁੱਢੀ ਨੇ ਆਖਾ । ਭਾਈ ਜਿਸ ਦਾ ਅੱਲਾ ਰਾਖਾ।
ਪੀਰਾਂ ਦੀ ਹੈ ਸੁੱਖ ਨ ਦਿੰਦੀ । ਉਸ ਤੇ ਪਈ ਮੁਰਾਦਾਂ ਲਿੰਦੀ।
ਦੱਸੇ ਪੁੱਛਾਂ ਪੁੱਛੇ ਜੋਇ । ਪੂਰੀ ਗਲ ਉਹੋ ਹੀ ਹੋਇ।
ਤੂੰਭੀ ਕਰ ਇਸ ਆਇ ਸਲਾਮ । ਕਹੁ ਮੀਆਂ ਮੈਂ ਤੁਧ ਗੁਲਾਮ।
ਜਿਸ ਪਰ ਤੈਨੂੰ ਸੁਖ ਵਰਤਾਊ । ਇਸ ਡੋਲੀ ਨੂੰ ਭੀ ਤੜ ਜਾਊ।
ਇਤਨਾ ਸੁਣਕੇ ਉਸ ਬਲਵੰਤ । ਆਖੀ ਮੀਏਂ ਦਾ ਅਜ ਅੰਤ
ਆਇ ਗਿਆ ਬਿਨ ਪੁੱਛੇ ਦੇਖ। ਫੁੱਟ ਗਏ ਮੀਰਾਂ ਦੇ ਲੇਖ
ਮੇਰੀ ਔਰਤ ਦੇ ਵਿਚ ਆਯਾ। ਜਿਸਨੂੰ ਚਾਹਾਂ ਅਜ ਮੁਕਾਯਾ
ਹੋਇ ਕੌਣ ਜੋ ਮੇਰੇ ਘਰ ਮੈਂ । ਆਵੇ ਮੀਆਂ ਹੋਕੇ ਦਰ ਮੈ ।
ਸੋ ਹੁਣ ਤਾਂ ਇਕੋ ਰਹਿ ਜਾਊ । ਯਾ ਮੈਂ ਰਿਹਾ ਕਿ ਮੀਆਂ ਬਾਊ
ਇਤਨਾਂ ਕਹਿ ਕਰ ਪਕੜੀ ਡਾਂਗ। ਖੜ ਗਿਆ ਵਡੇ ਬਹਾਦੁਰ ਵਾਂਗ
ਪਹਿਲੇ ਵਿਚ ਢੋਲਕੀ ਮਾਰੀ। ਲੰਘ ਗਈ ਓਹ ਪਾਰ ਦੁਸਾਰੀ।
ਅਰ ਇਕ ਦੁਕ ਮਰਾਸਨ ਲਾਈ । ਤੋਬਾ ਤ੍ਰੋਬਾ ਕਰਦੀ ਧਾਈ ।

Digitized by Panjab Digital Library | www.panjabdigilib.org

ਫਿਰ ਜੋਪਾਸਬੈਠੀਆਂਨਾਰਾਂ। ਗਈਆਂਨਸਬਨਾਇਕਭਾਰਾਂ।
ਆਖਨ ਇਹ ਭੀਭੂਤਜਗਾਯਾ। ਜਿਹੜਾਸਾਡੇਉਪਰਪਾਯਾ।
ਜਦ ਸਭਗਈਆਂ ਆਪੋਧਾਪ। ਤਾਂਮੀਰਾਂਦਾ ਮਰਿਆਬਾਪ।
ਪਕੜਗੁੱਤਤੇਧਰਪਰਮਾਰੀ। ਲਗੀਮਿੱਨਤਾਂਕਰਨ ਬਿਚਾਰੀ।
ਕਹੇਮੂਲਨਾਮੈਂ ਫਿਰ ਕਰਸਾਂ। ਮੀਏਂ ਰਸੰਤੇ ਪੈਰ ਨ ਧਰਸਾਂ।
ਨੱਕਨਾਲਜਿਨਕਢਲਕੀਰਾਂ। ਘਰਤੇਬਿਦਾ ਕਰਾਯਾਮੀਰਾਂ।
ਜਿਸਤੇਇਹਸਭਨਖਰੇਜਾਨ। ਚੰਬੜਜਾਂਦਾ ਇਹਨਾਂ ਸ਼ਤਾਨ।
ਪਰ ਤੂੰਤਾਂਹੈਂਖਰਾਸਿਆਣਾ। ਲੋਕਾਂਵਾਂਗਰਨਹੀਂ ਇਆਣਾ।
ਜੈਸਾਉਸਮੇਰੇ ਹਿਤਕਾਰੀ। ਅਪਨੀ ਇੱਜਤ ਆਪ ਸਵਾਰੀ।
ਤੈਸੇ ਤੂੰ ਭੀ ਕਰ ਓਹ ਢੰਗ। ਖੁਲ੍ਹ ਜਾਇਗਾ ਸਾਰਾ ਰੰਗ।
ਜਿਸਪਰਤਿਸਨੇਕਹਾਪੁਕਾਰ। ਮੈਂਭੀਕਰਨੇਨੂੰਹਾਂਤਿਆਰ॥ ੩੭

# ਮਜੂਲਾ ਸਿੰਘ

ਦੋਹਰਾ–ਤਦ ਉਸ ਆਖੀ ਮੁਝ ਨੂੰ ਸਮਝ ਲਈ ਮੈਂ ਸਭ।
ਇਸ ਮੀਏਂ ਨੇ ਮੁਫ਼ਤ ਦੀ ਪਾਈ ਏਥੇ ਜੱਭ॥ ੩੮॥

ਚੌਪਈ

ਜੇ ਏਹੋ ਹੈ ਚੰਗਾ ਲਾਜ। ਤਾਂ ਮੈਂ ਕਰਾਂ ਨਾ ਡਰਸਾਂ ਆਜ।
ਦਿਸਦਾ ਤਾਂ ਹੈ ਮੈਨੂੰ ਏਹ। ਘਰਦਿਆਂਨਾਲਨਾਕਰਦੀਨੇਹ।
ਪਰ ਹੁਣ ਹੀਲੇ ਕਰਦੀ ਐਸੇ। ਭੈੜੀ ਨਾਰਾਂ ਕਰਦੀ ਜੈਸੇ।
ਤਾਂਤੇ ਕਰਨੀ ਪਈ ਜ਼ਰੂਰੀ। ਜੋ ਹੈ ਬਾਤ ਤੁਸਾਂਦੀ ਪੂਰੀ।
ਇਤਨਾਂਕਹਿਕੇਡਾਂਗਉਠਾਈ। ਪਹਿਲੇਢੋਲਕਉਪਰਲਾਈ
ਪਾਟਾ ਚਮੜਾ ਹਟਿਆ ਵੱਜਨ। ਲਗੀਮਰਾਸਨਘਰਤੇਭੱਜਨ

Digitized by Panjab Digital Library | www.panjabdigilib.org

ਜਿਸਨੂੰ ਦੇਖ ਕਿਹਾ ਹੇ ਨੂਰਾਂ । ਕਿਉਂ ਜਾਂਦੀ ਹੈਂ ਨੱਸੀ ਹੂਰਾਂ ।
ਲਿਆਉ ਪੀਰਨੂੰ ਕਰੀਏਗੱਲਾਂ । ਏਹਖੇਡੇਗੀਵਾਂਗਰਮੱਲਾਂ ।
ਮੀਰਾਂਨੂੰ ਮੈਂ ਦੁਧ ਪਲਾਊਂ । ਨਾਲੇ ਖੂਬ ਪਲਾਓ ਖੁਲਾਊਂ ।
ਕਿਧਰ ਲੈਕੇਉਸਨੂੰਚੱਲੀ । ਆਜਾ ਮੁੜਕੇ ਨਾ ਬਣ ਝੱਲੀ ।
ਲੈਜਾ ਗੱਫਾ ਥੋੜਾ ਜੇਹਾ । ਕਾਹਨੂੰ ਕਰਦੀ ਐਵੇਂ ਬੇਹਾ ।
ਪਰਉਹਮੁੜਕੇਮੂਲਨਤੱਕੇ । ਮੂੰਹਪਰ ਪਈ ਹਵਾਈਆਂ ਫੱਕੇ
ਤੋਬਾ ਤੋਬਾ ਕਰਦੀ ਨੱਸੀ । ਬਣ ਗਿਆ ਸਪ ਸਿੱਖ ਜਦ ਰੱਸੀ
ਜਦ ਨੂਰਾਂ ਨੇ ਰਸਤਾ ਲੀਤਾ । ਫਿਰ ਤਿਸ ਅਗੇ ਫੇਰਾ ਕੀਤਾ
ਲਗਾਕਹਨਸੁਣੋਸਭਨਾਰਾਂ। ਕਿਉਂਆਈਆਂਹੋਵਾਂਗਗਵਾਰਾਂ
ਠਹਿਰੋ ਜਰਾ ਕਰਾਂ ਮੈ ਕੰਮ । ਡੰਡਿਆਂ ਨਾਲ ਉਧੇੜਾਂ ਚੰਮ।
ਇਤਨਾਂ ਸੁਣਕੇ ਸਭ ਤੁਰਗਈਆਂ। ਅਪਨੇ ੨ ਰਸਤੇ ਪਈਆਂ
ਓੜਕ ਘਰ ਵਾਲੀ ਵਲ ਆਯਾ। ਆਖ ਦਸਕੇਹੀ ਇਹ ਮਾਯਾ
ਕਿੱਥੇ ਹੈ ਮੀਰਾਂ ਹੁਣ ਮੀਆਂ । ਚੰਗੀ ਖਪਨੀ ਇਸਦੀ ਸੀਆਂ
ਦਿਆਂ ਚੂਰਮਾਂ ਕੁੱਟ ਚੰਗੇਰਾ। ਲਤਾਂ ਨਾਲ ਚਹੇ ਦਿਲ ਮੇਰਾ।
ਪਰ ਹੁਣ ਦਸ ਵਿੱਚ ਹੈ ਤੇਰੇ। ਚਲਨ ਹੁਣ ਗੁਰਬਤੇ ਮੇਰੇ ।
ਘੜਾਂ ਵਖੀਆਂ ਮੋਢੇ ਤੇਰੇ । ਜੇ ਹਨ ਮੀਏਂ ਦੇ ਵਿਚ ਛੇਰੇ ।
ਦਸ ਸ਼ਤਾਬ ਨਾ ਲਾਈਂ ਦੇਰ । ਛਡੂੰ ਨਹੀਂ ਮੇਰ ਅਰ ਤੇਰ ।
ਇਤਨੀਖਾਤ੍ਰ ਕਰੂੰ ਬਨਾਇ। ਛਡੂੰ ਲਾਕੇ ਤੇ ਇਕ ਦਾਇ ॥੩੯

## ਮਜੂਲਾ ਸਿੰਘ ਦੀ ਸੁਪਤਨੀ

ਦੋਹਰਾ–ਮੇਰੇ ਵਿਚ ਨ ਕੁਝ ਹੈ ਗੁਸੇ ਹੋਵੋ ਨਾਹਿ।
ਐਵੇਂ ਦਿਲ ਚੰਗਾ ਨਹੀਂ ਮੀਰਾਂ ਕਿਸਦੇ ਮਾਂਹਿ॥੪੦

Digitized by Panjab Digital Library | www.panjabdigilib.org

ਚੌਪਈ

ਐਵੇਂ ਤੁਸੀਂ ਮਰਾਸਨ ਮਾਰੀ। ਘਰ ਆਈ ਦੀ ਪੱਤ ਉਤਾਰੀ
ਜਿਸ ਪਰ ਅਸੀਂ ਰਹੇ ਸ਼ਰਮਿੰਦੇ। ਘਰ ਘਰ ਜਾਕੇ ਸਾਨੂੰ ਨਿੰਦੇ
ਮੈਂ ਹਾਂ ਰਾਜ਼ੀ ਕੁਝ ਨ ਹੋਇਆ। ਸਾਰਾ ਦੁਖ ਦਰਦ ਹੈ ਖੋਇਆ
ਤੁਸੀਂ ਵਡੇ ਨਿਰਦੈ ਹੋ ਭਾਰੇ। ਹਸਦਿਆਂ ਨੂੰ ਹੋ ਮਾਰਨ ਹਾਰੇ।
ਮੈਂ ਤਾਂ ਐਵੇਂ ਹਾਸਾ ਕੀਤਾ। ਜਿਸ ਤੇ ਸੱਦ ਮਰਾਸਨ ਲੀਤਾ॥
ਗੱਸੇ ਦਾ ਤੁਮ ਕਰੋ ਤਮਾਸ਼ਾ। ਫੜ ਕੇ ਸੋਟੇ ਦਇ ਦਿਲਾਸਾ।
ਝੰਗਾ ਕਰਦੇ ਹੋ ਘਰ ਪਜਾਰ। ਕੁਟਨ ਨੂੰ ਹੁੰਦੇ ਹੋ ਤਿਆਰ। ੪੧॥

# ਮਜੂਲਾ ਸਿੰਘ

ਦੋਹਰਾ–ਇਹ ਹਾਸਾ ਕਿਸ ਦਾਇ ਦਾ ਕਰਨੇ ਸਿੱਖੀ ਅੱਜ।
ਧਾਮੜ ਧੂਮੜ ਪਾਉਂਦੀ ਮੀਰਾਂ ਦੇ ਲਾ ਪੱਜ॥ ੪੨।

ਚੌਪਈ

ਮੈਨਾਂ ਜਾਣਾ ਐਸਾ ਹਾਸਾ। ਜੋ ਧਰਮੋ ਹੈਗਾ ਇਕ ਵਾਸਾ।
ਅਸੀਂ ਕਹੋ ਮੀਰਾਂ ਦੇ ਨਾਲ। ਕਿਆ ਰਖਦੇ ਹਾਂ ਵਰਤਨ ਭਾਲ
ਤੈਂ ਜੋ ਇਹ ਘੁਮੰਡ ਕਮਾਇਆ। ਮੇਰਾ ਦਿਲ ਬਹੁ ਭਾਂਤ ਦੁਖਾਯਾ।
ਇਸ ਦਾ ਫਲ ਹੈ ਪੈਨ ਧਮੁੱਕ। ਨਿਕਲ ਜਾਇ ਪਿੱਠ ਦੀ ਧੁੱਕ।
ਮੁੜ ਕੇ ਕਰੇਂ ਨ ਐਸਾ ਫੇਰ। ਜੋ ਤੈਂ ਕੀਤਾ ਹੋਇ ਦਲੇਰ।
ਸੋਟਾ ਚਿਤ ਚਹੇ ਘੜ ਸੁੱਟਾਂ। ਗੁਤੜੀ ਪੁਟਾਂ ਤੇ ਸਿਰ ਕੁੱਟਾਂ।
ਜਿਸ ਤੇ ਲਹ ਜਾਏਗਾ ਚਾਉ। ਫੇਰ ਨ ਮੀਰਾਂ ਲਾਵੇ ਦਾਉ॥ ੪੩

# ਗੁਰਬਲਭ ਸਿੰਘ

ਦੋਹਰਾ–ਇਹ ਤਾਂ ਚੰਗਾ ਪਕੜਿਆ ਨਾਲ ਅਵੈੜੀ ਨਾਰ

Digitized by Panjab Digital Library | www.panjabdigilib.org

ਦੇਕੇ ਦਬਕਾ ਮਾਰ ਦਾ ਲੀਨੀ ਤੁਰਤ ਸੁਧਾਰ ॥੪੪॥

ਚੌਪਈ

ਕੈਸੇ ਫੰਧ ਚਲਾਉਨ ਯਾਰੋ। ਖੋ ਦੇਵਨ ਮਰਦਾਂ ਘਰ ਬਾਰੋ।
ਖੋਭਨਹਾਲਬਿਹਾਲਦਸਾਉਨ। ਝੂਠੋਂ ਸੱਚ ਕਰਨਦਖਲਾਉਨ
ਜੋ ਇਤਬਾਰ ਇਨਾਂ ਪਰ ਕਰੀਏ। ਤਾਂਤੇ ਜੀਂਵਦਿਆਹੀ ਮਰੀਏ
ਕਿਕੁਰਇਨਕਾਹੋਇਸੁਧਾਰ। ਉਪਜੇਮਨਦੇਵਿਚਵਿਚਾਰ॥੪੫

# ਸੈਲਾਨੀ ਸਿੰਘ

ਦੋਹਰਾ–ਵਿਦਯਾ ਦੀ ਹੈ ਕਮੀ ਸਭ ਹੋਰ ਨ ਦੂਜੀ ਬਾਤ।
ਸਾਰੇ ਕਰਮ ਮਲੀਨ ਇਹ ਅਵਿਦਯਾ ਕਰਵਾਤ।੪੬

॥ਚੌਪਈ॥

ਤਾਂਤੇ ਵਿਦਯਾ ਇਨਾਂਪੜ੍ਹਾਵੋ। ਗੁਰਬਾਨੀ ਵਿਚਪ੍ਰੇਮ ਲਗਾਵੋ
ਜੋ ਸੁਭਗੁਣਸਿਖਲਾਓ ਆਪ। ਕਦੀ ਨ ਪਰਸਨ ਦੇਵੋ ਪਾਪ।
ਧਰਮਕਰਮਜਦਦ੍ਰਿੜਹੋਜਾਊ। ਤਦਇਨਕੋ ਨਹਿਪੀਰਸਤਾਊ
ਜਿਸਤੇਹੁਣਇਸ ਚੂਕ ਉਠਾ[illegible]। [illegible]ਪਾਸ ਬੁਲਾਕੇ ਲਿਆਊ
ਤਦ ਤਿਨਕਹੀਸੁਨੋ ਮਤ ਹੀ[illegible] ਹੋਇਮਹਾਂਮਲੀਨ।
ਅਰ ਮੈਨੂੰ ਭੀ ਕੀਤਾ [illegible] ਮਹਾਸਨ ਬਾਰ।
ਚਲ ਹੁਨ ਪਾਸ ਗੁਰੂ ਦੇ ਲਾਲ। ਦੇਉਪ[illegible] ਸੁਕਰੇਨਿਹਾਲ।
ਇਤਨਾਸੁਨਕੇਆਈਪਾਸ। ਕੀਤਾ ਕੰਮ ਗੁਰੂ ਨੇ ਰਾਸ॥੪੭।

ਦੋਹਰਾ–ਤਦ ਮੈ ਪਾਸ ਬਠਾਇ ਕੇ ਆਦਰ ਨਾਲ ਸਨਾਇ।
ਕਹੀ ਸਿਆਣੀ ਤੂੰਵਡੀਕਜੋਂਗਲਪਈਬਲਾਇ॥੪੮।

Digitized by Panjab Digital Library | www.panjabdigilib.org

## ਚੌਪਈ

ਸੁਣ ਬੀਬੀ ਤੂੰ ਵਡ ਪਰਧਾਨ। ਸਭਨਾਂ ਬਾਤਾਂ ਵਿਚ ਰਕਾਨ।
ਸਾਰਾ ਟੱਬਰ ਤੈਨੂੰ ਚਾਹੇ । ਤੇਰੇ ਉਪਰ ਵਾਰਨ ਵਾਹੇ।
ਅਰ ਤੇਰੇ ਘਰ ਵਾਲਾ ਆਪ। ਕਰੇ ਸਦਾ ਹੀ ਤੇਰਾ ਜਾਪ।
ਫਿਰ ਤੈਂ ਇਹਕੀਕਰੀ ਖਰਾਬੀ। ਰੂੰਈਵਿਚਲਗਾਇ ਮਤਾਬੀ
ਫਿਰ ਤੂੰ ਦੱਸ ਕੌਣਵਡਿਆਈ। ਤੈਂ ਇਸਬਾਤੋਂਭਲੀਏਪਾਈ
ਇਸ ਮੇਰੇ ਆਖਨਨੂੰਸੁਨਕੇ। ਆਈ ਲਾਜ ਅਤੇ ਸਿਰ ਧੁਨਕੇ
ਲੱਗੀ ਕਹਿਨਭਾਈਜੀ ਸੱਤ । ਨਾਰਾਂ ਦੀ ਹੈ ਕੂੰਨੀ ਮੱਤ।
ਮੈਂ ਤਾਂ ਅਗੇ ਕੁਝ ਨ ਜਾਣਾ। ਮੇਰਾ ਤਾਂ ਹੈ ਇਹੋ ਟਿਕਾਣਾ।
ਭੁਲਜਾਂਦੀਹਾਂਧੀਮੈਂਜਾਈ।ਅਰਚੰਗਿਆਂਦੇਘਰ ਵਿਚ ਆਈ
ਕਿਸੇਗੱਲਦੀਨਾਪਰਵਾਹ। ਅਰ ਨਾ ਰਖਾਂ ਮਨ ਕੁਛ ਚਾਹ।
ਇਹ ਇੱਲਤ ਜੋ ਮੈਥੋਂ ਹੋਈ। ਮੇਰੀ ਨਹੀਂ ਸ਼ਰਾਰਤ ਕੋਈ।
ਭੂੰਬੋ ਬਰਵਾਲੀ ਨੇ ਆਕੇ। ਕਰਵਾਯਾ ਸਭ ਕੁਛ ਸਖਲਾਕੇ।
ਇਕ ਦਿਨ ਦਾਣੇਪੀਸਣ ਆਈ। ਮੈਂਦੇਪੀੜ੍ਹੀਪਾਸਬਠਾਈ।
ਗਲਾਂਕਰਨਲਗੀਜਦਬਹਿਕੇ। ਕੱਢੀਅੱਗਬਾਂਸਜਿਉਂਖਹਕੇ।
ਕੈਂਹਦੀ ਸੁਣਖਾਂ ਸੋਭਾਕੌਰੇ। ਤੇਰਾ ਖਸਮ ਨ ਤੈਥੋਂ ਸੌਰੇ।
ਉਹ ਕਿਆ ਤੀਮੀ ਹੈ ਨਿਰਬੁੱਧ। ਜਿਨ ਘਰਦੇ ਨਾ ਕੀਤੇਸੁੱਧ।
ਇਕ ਵੇਰ ਕਾਬੂ ਕਰ ਛੱਡ । ਚੂਹਿਆਂ ਵਾਂਗ ਵਾੜ ਦੇ ਖੱਡ ।
ਬਿੱਲੀ ਵਾਂਗ ਤੁਧਤੇ ਡਰਸਨ। ਤੇਰੇਸਨਮੁਖਗੱਲਨਕਰਸਨ।
ਜਿਸਨੂੰਮੈਂਫਿਰਕਿਹਾਨਕਾਣੀ। ਮੈਂਤਾਂਹਾਂਘਰਵਿਚਇਆਣੀ।
ਫਿਰ ਅਪਨੇ ਵਡਿਆਂਦੇਨਾਲ। ਕਿਕੁਰ ਖੇਲਾਂ ਐਸੀਚਾਲ।
ਜਿਸਨੂੰ ਸੁਨਕੇ ਹੱਸੀ ਫੇਰ । ਮੈਂ ਦਸੂੰਗੀ ਗੱਲਾਂ ਫੇਰ।

Digitized by Panjab Digital Library | www.panjabdigilib.org

ਪਹਿਲੇਮੀਰਾਂਸਿਰਪਰਲਿਆਉ । ਭੰਨਆਕੜਾਂਖਿਲਦਖਾਉ।
ਪਾਵੇ ਧੂਮੜ ਧਾਮੜ ਐਸੀ । ਅੱਗੇ ਦੇਖੀ ਕਦੇ ਨ ਜੈਸੀ।
ਉਪਰਲੀ ਆ ਫਿਰ ਦੇ ਚੌਂਕੀ। ਖਾਈਂ ਘਿਉ ਖੰਡ ਬਹੁਜੌਂਕੀ
ਅਗੇ ਜੜੀਆਂ ਦੀ ਕਰ ਖੇਲ । ਨਾਲ ਸੱਚੀਆਂਲੇਵੀਂਮੇਲ।
ਜਦਘਰਵਿਚਨਿਤਢੋਲਕਵੱਜੂ । ਸਹੁਰਾਤਾਂਫਿਰਬਾਹਰਭੱਜੂ।
ਧਰਮਸਾਲ ਵਿਚ ਲਾਊ ਡੇਰਾ। ਯਾ ਦਰਵਾਜੇਕਰੂ ਬਸੇਰਾ।
ਤੇਰਾ ਖਾਵੰਦ ਬਿੱਲੀ ਵਾਂਗ । ਏਧਰ ਉਧਰ ਧਰੂ ਪਲਾਂਗ।
ਨਣਦ ਡਰੂਕੁਛਇਸਦਾ ਸਾਯਾ। ਹਾਇਰਬਜੇਮੈਂਪਰਪਾਯਾ।
ਤਾਂ ਕਿਆਕਰੂੰ ਮਰੂੰਗੀਛੇਤੀ। ਜਿਉਂਬਿਨਪਾਣੀ ਸੁੱਕੇਖੇਤੀ।
ਬੱਢੀ ਸਸ ਹੋਇ ਦਿਲਗੀਰ । ਆਪੇ ਮੰਨ ਲਏਗੀ ਪੀਰ।
ਫਿਰ ਤੈਨੂੰਕਹੁਹੈਡਰਕਿਸਦਾ। ਹੈ ਬੋਲੇਜੋ ਸਨਮੁਖਦਿਸਦਾ?
ਜਦਉਸਪਾਪਨਇਹਸਖਾਈ। ਤਦਮੈਂਝਾਟਾਪੁਟਿਆਭਾਈ।
ਨਹੀਂਅਸੀਂਕੀਜਾਣੈਪੀਰ। ਜਿਸਤੇਮੇਰੀਨਾਤਕਸੀਰ ॥੪੯॥

# ਸੈਲਾਨੀ ਸਿੰਘ

ਦੋਹਰਾ–ਕਹੋ ਮਜੂਲਾ ਸਿੰਘ ਜੀ ਉਘੜ ਆਇਆ ਭੇਤ।
ਦਿੱਤਾ ਕਹੋ ਬਚਾਇ ਮੈਂ ਗਧਿਆਂ ਕੋਲੋਂ ਖੇਤ ॥੫੦॥

ਚੌਪਈ

ਸੁਣਿਆ ਤੈਂਹੈਅਪਨੇਕੰਨੀ। ਪੀਰਾਂ ਦੀ ਕਿਉਂ ਮੰਨਤਮੰਨੀ!
ਏਹ ਵਿਚਾਰੀ ਸੀ ਅਨਜਾਨ। ਚਾਹੇ ਚੰਗਾ ਪੈਹਨਣ ਖਾਣ।
ਆਵੇ ਹੋਰ ਨ ਕੋਈ ਢੰਗ। ਜਿਸਤੇ ਮਨ ਵਿਚਰੈਂਹਦੀਤੰਗ।
ਤਦੇਮਕਾਰਆਇਬਰਵਾਲੀ। ਇਹਸੂਰਤਸੀਤੂਰਤਨਿਕਾਲੀ

Digitized by Panjab Digital Library | www.panjabdigilib.org

ਜਿਸਪਰਭੰਬੋਇਹਭੁਲਾਈ। ਅਪਨੀਚਰਖੀਚਾਇਚੜ੍ਹਾਈ।
ਲੈ ਹੁਣ ਏਹ ਕਰੀਂ ਤੂੰ ਅਗੇ। ਜੇਕਰ ਮੇਰੇ ਆਖੇ ਲਗੇ।
ਇਸਨੂੰ ਰਖੀਂ ਸਦ ਹੀ ਰਾਜ਼ੀ। ਚੰਗਾ ਬਸਤ੍ਰ ਰੋਟੀ ਤਾਜ਼ੀ।
ਖਾਏ ਪਹਿਰੇ ਮੌਜ ਉਡਾਏ। ਘਰਦਾ ਦੇਖ ਨ ਕੋ ਕਣਸਾਏ।
ਅਰ ਭੰਬੋ ਮੁੜ ਫਿਰ ਨਾ ਆਵੇ। ਬਾਰ ਬਾਰ ਨਾ ਫੇਰੇ ਪਾਵੇ।
ਇਸੇ ਤਰਾਂਦੀ ਜੋ ਹਨਨਾਰਾਂ। ਫਫਾਕੁਟਨੀਆਂਤੇਬਦਕਾਰਾਂ।
ਘਰ ਦੇ ਵਿਚ ਨ ਪਾਉਨ ਪੈਰ। ਫੇਰ ਰਹੇਗੀ ਅਗੋਂ ਖੈਰ।
ਅਰ ਤੂੰ ਇਸਨੂੰ ਕੁਝ ਪੜ੍ਹਾਉ। ਬਾਲਬੋਧਸ਼ਹਿਰੋਂਮੰਗਵਾਉ।
ਜਦ ਪੜ੍ਹ ਜਾਵੇ ਤਦ ਇਸਤਾਂਈ। ਪੰਜਗ੍ਰੰਥੀ ਚਾਇਪੜ੍ਹਾਂਈ।
ਜਪਜੀ ਯਾਦ ਕਰਾਂਈ ਸਾਰੀ। ਰਹੁਰਾਸਦੀ ਕਰੀਂ ਤਯਾਰੀ।
ਕੋਠੇ ਉਪਰ ਪਾਉ ਚੁਬਾਰਾ। ਜੋ ਸਭਨਾਂ ਤੇ ਹੋਇ ਨਯਾਰਾ।
ਉਸ ਵਿਚ ਗੁਰੂ ਗ੍ਰੰਥ ਪ੍ਰਕਾਸ਼। ਕਰਦੇ ਮਨਦੇ ਨਾਲਹੁਲਾਸ।
ਜਦਇਹ ਉਠੇ ਵਡੀ ਸਵੇਰ। ਇਸ਼ਨਾਨਪਾਨਦੇਮਗਰੋਂਫੇਰ।
ਜਾਇ ਹਜ਼ੂਰ ਨਿਵਾਏ ਸੀਸ। ਜਿਸਤੇ ਤੁਠੇਗਾ ਜਗਦੀਸ।
ਕਰੇ ਪਾਠ ਜਿਤਨਾ ਹੋ ਸੱਕੇ। ਨਾਲ ਖੁਸ਼ੀਦੇ ਮਨ ਨਹਿ ਅੱਕੇ।
ਫਿਰਘਰਦਾਸਭਕੰਮਕਰਾਈਂ। ਮਨਖੱਟੂ ਕਰਨਾਹਿ ਬਠਾਈਂ।
ਸੀਉਨਅਤੇਪਰੋਵਨਕਰਦੀ। ਯਾਦ ਕਰੇ ਬਾਣੀਗੁਰਘਰਦੀ।
ਜਿਸਤੇ ਆਵੇ ਇਸੇ ਸੁਮੱਤ। ਦੂਰ ਹੋਇਗੀ ਸਗਲ ਕੁਮੱਤ।
ਇਸਤੇ ਮੀਰਾਂ ਮੜੀਆਂ ਵੇਰ। ਨਸਨਘਰਤੇਚਾਬਿਨਦੇਰ॥੫੧

# ਮਜੂਲਾਸਿੰਘ

ਦੋਹਰਾ—ਤੈਂ ਤਾਂ ਸਿੰਘਾ ਉਜੜਿਆ ਦਿਤਾ ਧਾਮ ਵਸਾਇ।

Digitized by Panjab Digital Library | www.panjabdigilib.org

ਤੇਰਾ ਕੀਤਾ ਜਨਮ ਤਕ ਕਿਕੁਰ ਦਿਆਂ ਭੁਲਾਇ॥੫੨

ਚੌਪਈ

ਗੁਰਮੁਖ ਲੋਗਾਂ ਦਾ ਜੋ ਮੇਲ। ਹੁੰਦਾ ਹੈ ਸੁਖਦਾਈ ਖੇਲ।
ਜਿਸਤੇ ਲੋਗ ਇਹੋ ਹਨ ਦਸਦੇ। ਹਸਦਿਆਂ ਦੇਹੀ ਹਨ ਘਰ ਵਸਦੇ
ਜਿਸ ਤੇ ਤੈਂ ਬਾਤਾਂ ਦੇ ਨਾਲ। ਲਾਹਿਆ ਸਾਡੇ ਗਲੋਂ ਜੰਜਾਲ
ਪਰ ਹੁਣ ਜੋ ਕੁਝ ਹੋਰ ਉਪਾਉ। ਸੋ ਭੀ ਸਾਨੂੰ ਆਖ ਸੁਨਾਉ
ਅਰ ਬਾਕੀ ਜੋ ਹੈ ਕੁਝ ਸਿਖਿਆ। ਸੋ ਭੀ ਦੇਹ ਅਸਾਂਨੂੰ ਦਿਖਾ।
ਜਿਸਤੇ ਮੁੜ ਕੇ ਨਾਂ ਭਟਕਾਈਏ। ਮੜ੍ਹੀ ਮਸਾਣੀ ਪਰ ਨਾਂ ਜਾਈਏ
ਉਹ ਭੀ ਕਰਦੇ ਪਰ ਉਪਕਾਰ। ਸਾਨੂੰ ਮੇਲ ਜਾ ਤੂੰ ਕਰਤਾਰ।
ਫੇਰ ਸਬੱਖਾਂ ਦੇ ਹਨ ਮੇਲੇ। ਮੁੜ ਕੇ ਹੋਨ ਕਹੋ ਕਿਸ ਵੇਲੇ॥ ੫੩॥

# ਸੈਲਾਨੀ ਸਿੰਘ

ਦੋਹਰਾ—ਦੀਖਜਾ ਦੇਣੇ ਜੋਗ ਮੈਂ ਨਹੀਂ ਪਜਾਰੇ ਮਿੱਤ।
ਦੀਖਜਾ ਗੁਰੂ ਗ੍ਰੰਥ ਦੀ ਧਾਰੋ ਅਪਨੇ ਚਿੱਤ॥੫੪॥

ਚੌਪਈ

ਅਸੀਂ ਸਭੀ ਆਪਸ ਵਿਚ ਭਾਈ। ਮਹਾਂ ਮੋਠ ਮੈਂ ਕਜਾ ਵਡਿਆਈ
ਸਾਡਾ ਸਭ ਦਾ ਮਾਲਕ ਇੱਕਾ। ਜਿਸ ਨੂੰ ਯਸ ਦਾ ਮਿਲਿਯਾ ਟਿੱਕਾ
ਗੁਰੂ ਗੋਬਿੰਦ ਸਿੰਘ ਜਿਸ ਨਾਉਂ। ਜਿਸ ਤੇ ਭੁਲਿਆਂ ਹੋਰਨ ਥਾਉਂ
ਉਸ ਦਾ ਦੱਸਿਆ ਗੁਰੂ ਗ੍ਰੰਥ। ਜਿਸ ਨੂੰ ਮੰਨੇ ਸਾਰਾ ਪੰਥ।
ਉਸ ਦੇ ਸੁਣ ਸਾਰੇ ਉਪਦੇਸ਼। ਮਨ ਦੇ ਜਾਸਨ ਸਕਲ ਕਲੇਸ਼
ਉਸ ਤੇ ਬਿਨਾਂ ਹੋਰ ਜੋ ਬਾਣੀ। ਗੁਰਮਤ ਉਲਟੀ ਰਚੀ ਕਹਾਣੀ
ਤਿਸ ਨੂੰ ਸੁਨੀ ਨ ਕੰਨੀ ਭੁੱਲ। ਜਿਸ ਤੇ ਨਿਸਚਾ ਜਾਵੇ ਡੁੱਲ।

Digitized by Panjab Digital Library | www.panjabdigilib.org

ਗੋਰ ਮੜ੍ਹੀ ਅਰ ਤੀਰਥ ਸਾਰੇ। ਗਇ ਵਹਾਦੇ ਸਾਗਰ ਖਾਰੇ।
ਤੂੰ ਭੀ ਬੀਬੀ ਸੋਭਾ ਕੌਰੇ। ਫਿਰ ਨਾਂ ਹੋਈਂ ਡੌਰੇ ਭੌਰੇ।
ਮੜ੍ਹੀ ਸੀਤਲਾ ਵਲ ਨ ਜਾਂਈ। ਬਾਸੀ ਰੋਟੀ ਮੂਲ ਨਾ ਖਾਂਈ
ਗੁਰ ਬਾਣੀ ਦਾ ਕਰਨਾ ਜਾਪ। ਕਦੇ ਨ ਮੁੜਕੇ ਪਰਸੂ ਪਾਪ।
ਪਰ ਜੋ ਭੁਲ ਤੁਸਾਂ ਨੇ ਕੀਤੀ। ਸੋ ਹੋ ਚੁਕੀ ਬਾਤ ਜੋ ਬੀਤੀ।
ਤਾਂਤੇ ਅੰਮ੍ਰਿਤ ਕੀਜੋ ਪਾਨ। ਜਿਸਤੇ ਹੋਵੇ ਗੀ ਕਲਜਾਨ।
ਖੂਬ ਸਜਾਓਿ ਕੜੇ ਕਛਹਰੇ। ਸਜ ਕਰ ਸਿੰਘ ਉਡਾਓਿ ਲਹਰੇ
ਜਿਸਨੂੰਸੁਨਕੇਟੱਬਰਸਾਰਾ। ਹੋਇਖੜਾਫਿਰ'ਤਿਆਰਬਤਜਾਰਾ।
ਤੁਰਤ ਜਿਨਾਂ ਨੂੰ ਰੀਤੀ ਨਾਲ। ਅੰਮ੍ਰਿਤ ਦਿੱਤਾਤਦੋਂ ਪਿਆਲ
ਫਿਰ ਉਪਦੇਸ਼ਸੁਨਾਇਆ ਸਾਰਾ। ਕੁੱਠਾ ਬਿਖਜਾ ਕਰੋ ਨਹਾਰਾ
ਕੁੜੀ ਨੜੀ ਮਾਰ ਹੈ ਜੋਈ। ਮੀਣਾਂ ਅਤੇ ਮਸੰਦੀ ਕੋਈ।
ਉਸ ਦੇ ਨਾਲ ਨ ਕਰਨਾਂ ਮੇਲਾ। ਨਾ ਕੁਝ ਦੇਣਾ ਪੈਸਾ ਧੇਲਾ
ਕੇਸਾਂ ਦੀ ਰਖਿਆ ਸਦ ਕਰਨੀ। ਪੂਰੀ ਰਹਤ ਪ੍ਰੇਮਸੇ ਧਰਨੀ
ਤਾਂਇਨਛਕਲਏਅੰਮ੍ਰਿਤਗੁਰਦੇ। ਜਾਗੇ ਭਾਗਜਿਨਾਂਦੇਧੁਰਦੇ
ਆਏ ਘਰ ਤੇ ਬਾਹਰ ਜਦੋਂ। ਵੇਖਨ ਲੋਗ ਨਗਰ ਦੇ ਤਦੋਂ।
ਸਭਦੇਰਿਹਰੇਭਖਦੀਲਾਲੀ। ਚੜ੍ਹੀਮਨਾਂ ਮੈ ਅਧਕ ਕੁਸਾਲੀ
ਹੋਇ ਹੈਰਾਨ ਗਿਆਤਦਪਿੰਡ। ਸ਼ਰਮਮਰੇਸਿਰ ਜਿਨਕੇ ਟਿੰਡ
ਲੱਗੇ ਕਹਨ ਮਜੂਲਾ ਹਰਿਜੀ। ਦੇਖੋ ਪਾਇ ਗੁਰੂ ਦੀ ਮਰਜੀ।
ਹੋਇ ਗਿਆ ਹੈ ਹੋਰੋਂ ਹੋਰ। ਚੜ੍ਹਿਆ ਰੂਪ ਜਿਵੇਂ ਹੋ ਮੋਰ।
ਇਸ ਨੂੰ ਸੁਨਕੇ ਸਿੰਘ ਉਚਾਰੀ। ਅਹੋਚੁਰਾਸੀਕੀਮਤਮਾਰੀ।
ਮੈਂ ਅੰਮ੍ਰਿਤ ਪੀਤਾ ਹੈ ਜਦ ਤੇ। ਮਜੂਲਾ ਸਿੰਘ ਨਹੀਂ ਹਾਂ ਤਦਤੇ
ਭਰਪੂਰ ਸਿੰਘ ਹੈ ਮੇਰਾ ਨਾਮ। ਗੁਰ ਪਗ ਭੀਤਰਹੈ ਬਿਸਰਾਮ

Digitized by Panjab Digital Library | www.panjabdigilib.org

ਤੁਸੀਂ ਵਡੇ ਹੋ ਮੂਰਖ ਲੋਗ। ਜਿਸ ਤੇ ਅੰਮ੍ਰਿਤ ਦੇ ਨਹਿਜੋਗ।
ਜੇ ਜਾਗੇ ਹਨ ਭਾਗ ਤੁਮਾਰੇ। ਤਾਂ ਜਹਾਜ ਚੜ੍ਹ ਹੋਵਹੁ ਪਾਰੇ।
ਜਿਸ ਪਰ ਸਾਰਾ ਨਗ੍ਰ ਉਦਾਰ। ਅੰਮ੍ਰਿਤ ਪਰ ਹੋਗਿਆ ਤਿਆਰ
ਲੱਗੀ ਰੌਣਕ ਸੀ ਤਦ ਐਸੀ। ਅਗੇ ਵੇਖੀ ਨਾਸੀ ਜੈਸੀ।
ਹੋ ਭਾਈ ਸਭ ਪਾਵਨ ਜੱਫੇ। ਖੂਬ ਕੜਾਹੁ ਦੇ ਲਾਵਨ ਗੱਫੇ।
ਜਿਸ ਨੂੰ ਦੇਖ ਵਧਿਆ ਮਨ ਚਾਉ। ਵਾਹਗੁਰੂ ਦੀ ਫਤੇ ਬੁਲਾਉ
ਇਹ ਇਕ ਕੰਮ ਹੋਰ ਮੈਂ ਕੀਤਾ। ਤਦ ਫਿਰ ਅਪਨਾ ਰਸਤਾ ਲੀਤਾ
॥ ੫੫ ॥

## ਗੁਰਬਲਭ ਸਿੰਘ

ਦੋਹਰਾ–ਧੰਨ ਪਜਾਰੇ ਸੱਜਨਾਂ ਤੈਂ ਕੀਤਾ ਜੋ ਕੰਮ।
ਸੋ ਪੂਰਾ ਨਾਂ ਹੋਂਵਦਾ ਲੱਖਾਂ ਖਰਚੇ ਦੰਮ ॥ ੫੬ ॥
ਇਕ ਸੁਧਾਰਨ ਕਾਰਨੇ ਤੇਰਾ ਉੱਦਮ ਜੋਇ।
ਉਸਦੇ ਬਦਲੇ ਨਗ੍ਰ ਹੀ ਤਰਿਯਾ ਗੁਰਮੁਖ ਹੋਇ॥੫੭॥
ਤੇਰੇ ਵਾਂਗਰ ਹੋਰ ਜੇ ਕਰਸਨ ਪੁਰਖ ਉਦਾਰ।
ਸਚ ਕਹਾਂ ਤਦ ਸਹਜ ਹੀ ਹੋਵੇ ਪੰਥ ਸੁਧਾਰ ॥ ੫੮ ॥

ਇਤਿ ਮੀਰਾਂ ਮਨੌਤ ਸਮਾਪਤੀ

Digitized by Panjab Digital Library | www.panjabdigilib.org